ਰਿਜ਼ਰਵੇਸ਼ਨ

ਪੱਖ

ਵਿਪੱਖ

ਅਤੇ

ਤੀਸਰਾ ਪੱਖ

ਨੌਜਵਾਨ ਭਾਰਤ ਸਭਾ

ਰਿਜ਼ਰਵੇਸ਼ਨ : ਪੱਖ, ਵਿਪੱਖ ਅਤੇ ਤੀਸਰਾ ਪੱਖ



ਪ੍ਰਕਾਸ਼ਕ:

ਨੌਜਵਾਨ ਭਾਰਤ ਸਭਾ

ਪ੍ਰਕਾਸ਼ਕ:

ਨੌਜਵਾਨ ਭਾਰਤ ਸਭਾ

ਪਹਿਲੀ ਵਾਰ : ਅਕਤੂਬਰ 2006
ਦੂਜੀ ਵਾਰ : ਫਰਵਰੀ 2013

ਪ੍ਰਕਾਸ਼ਨ ਸਹਿਯੋਗ : **ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ,**
ਸ਼ਹੀਦ ਭਗਤ ਸਿੰਘ ਭਵਨ, ਸ਼ੀਲੋਆਣੀ ਰੋਡ, ਰਾਏਕੋਟ, ਲੁਧਿਆਣਾ।
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ-226006

ਕੀਮਤ : 5 ਰੁਪਏ

ਰਿਜ਼ਰਵੇਸ਼ਨ : ਪੱਖ, ਵਿਪੱਖ ਅਤੇ ਤੀਸਰਾ ਪੱਖ

ਮਨੁੱਖੀ ਸ੍ਰੋਤ ਵਿਕਾਸ ਮੰਤਰੀ ਅਰਜੁਨ ਸਿੰਘ ਦੁਆਰਾ ਮੈਡੀਕਲ, ਇੰਜਨੀਅਰਿੰਗ ਅਤੇ ਮੈਨੇਜਮੈਂਟ ਸਹਿਤ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੱਛੜੀਆਂ ਜਾਤੀਆਂ ਲਈ 27% ਰਿਜ਼ਰਵੇਸ਼ਨ ਦੇ ਐਲਾਨ ਦੇ ਨਾਲ਼ ਹੀ ਦੇਸ਼ ਦਾ ਨੌਜਵਾਨ ਤਬਕਾ ਕਾਫੀ ਹੱਦ ਤੱਕ ਪਰਸਪਰ ਵਿਰੋਧੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਮਹਿੰਗਾਈ, ਬੇਰੁਜ਼ਗਾਰੀ, ਆਮ ਕਿਰਤੀ ਲੋਕਾਂ ਦੇ ਲਗਾਤਾਰ ਖੋਹੇ ਜਾਂਦੇ ਅਧਿਕਾਰਾਂ, ਅਮੀਰ-ਗਰੀਬ ਵਿੱਚ ਲਗਾਤਾਰ ਵਧਦੀ ਖਾਈ, ਲਗਾਤਾਰ ਵਧਦੀ ਦੇਸ਼ੀ-ਵਿਦੇਸ਼ੀ ਪੂੰਜੀਪਤੀ ਲੁੱਟ-ਖਸੁੱਟ ਜਿਹੇ ਅਨੇਕਾਂ ਬੁਨਿਆਦੀ ਮਸਲੇ, ਜੋ ਵੱਧ ਤੋਂ ਵੱਧ ਭਖਦੇ ਜਾ ਰਹੇ ਸਨ, ਇੱਕ ਵਾਰ ਫਿਰ ਪਿੱਛੇ ਧੱਕ ਦਿੱਤੇ ਗਏ ਹਨ। ਆਮ ਲੋਕਾਂ ਖਾਸ ਕਰਕੇ ਉਹਨਾਂ ਦੇ ਉਹ ਨੌਜਵਾਨ ਮੁੰਡੇ-ਕੁੜੀਆਂ ਹੀ ਜਾਤੀਗਤ ਲੀਹ ’ਤੇ ਆਪਸ ਵਿੱਚ ਵੰਡੇ ਗਏ ਹਨ, ਜਿਨਾਂ ਦੇ ਮੋਢਿਆਂ ’ਤੇ ਸਾਮਰਾਜਵਾਦ ਅਤੇ ਪੂੰਜੀਵਾਦ ਨਾਲ਼ ਫੈਸਲਾਕੁੰਨ ਸੰਘਰਸ਼ ਛੇੜ ਕੇ ਲੋਕ ਮੁਕਤੀ ਦੇ ਨਵੇਂ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਉਣ ਦੀ ਇਤਿਹਾਸਕ ਜ਼ਿੰਮੇਵਾਰੀ ਹੈ।

ਬੇਸ਼ੱਕ, ਜਾਤੀ ਦਾਬੇ ਅਤੇ ਭੇਦਭਾਵ ਦਾ ਸਵਾਲ ਭਾਰਤੀ ਸਮਾਜ ਦਾ ਇੱਕ ਸਭ ਤੋਂ ਵੱਧ ਬੁਨਿਆਦੀ ਤੇ ਅਹਿਮ ਸਵਾਲ ਹੈ। ਸਦੀਆਂ ਪੁਰਾਣੇ ਜਾਤੀਗਤ ਤੁਅੱਸਬ ਅੱਜ ਵੀ ਜਿਆਦਤਰ ਆਮ ਭਾਰਤੀ ਨਾਗਰਿਕ ਦੇ ਸੰਸਕਾਰਾਂ ਵਿੱਚ ਗਹਿਰਾਈ ਨਾਲ਼ ਰਚੇ ਮਿਚੇ ਹਨ। ਫਰਕ ਇਹ ਹੈ ਕਿ ਕਿਤੇ ਇਸਦਾ ਨੰਗਾ-ਨਿਰੰਕੁਸ਼ ਪ੍ਰਗਟਾਵਾ ਦੇਖਣ ਨੂੰ ਮਿਲਦਾ ਹੈ ਤਾਂ ਕਦੇ ਇਸਦਾ ਬਰੀਕ ਅਤੇ “ਸੁੱਘੜ” ਰੂਪ ਸਾਹਮਣੇ ਆਉਂਦਾ ਹੈ। ਇਸ ਵਿੱਚ ਵੀ ਸ਼ੱਕ ਨਹੀਂ ਕਿ ਦਲਿਤ ਅਤੇ ਕੁੱਝ ਪੱਛੜੀਆਂ ਜਾਤੀਆਂ ਜਾਤੀਗਤ ਅਪਮਾਨ ਅਤੇ ਦਾਬੇ ਤੋਂ ਬਿਨਾਂ, ਅਬਾਦੀ ਵਿੱਚ ਆਪਣੇ ਅਨੁਪਾਤ ਦੇ ਮੁਕਾਬਲੇ, ਸਮਾਜਿਕ-ਆਰਥਿਕ ਹੈਸੀਅਤ ਵਿੱਚ ਵੀ ਉੱਚ ਜਾਤੀਆਂ ਦੀ ਤੁਲਨਾ ਵਿੱਚ ਅੱਜ ਵੀ ਕਾਫੀ ਪਿੱਛੇ ਹਨ। ਕੁੱਝ ਪੱਛੜੀਆਂ ਜਾਤੀਆਂ ਨੇ ਅਜ਼ਾਦੀ ਤੋਂ ਬਾਅਦ ਦੇ ਸਾਲਾਂ ਵਿੱਚ, ਪਿੰਡਾਂ ਵਿੱਚ ਪੂੰਜੀਪਤੀ ਫਾਰਮਰਾਂ-ਕੁਲਕਾਂ ਦੇ ਰੂਪ ਵਿੱਚ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ ਅਤੇ ਪੂੰਜੀਵਾਦੀ ਚੁਣਾਵੀ ਰਾਜਨੀਤੀ ਵਿੱਚ ਵੀ ਉਨਾਂ ਦੀ ਹਿੱਸੇਦਾਰੀ ਮਜ਼ਬੂਤ ਹੋਈ ਹੈ, ਪਰ ਸ਼ਹਿਰੀ ਰੁਜ਼ਗਾਰਾਂ ਅਤੇ ਸੁਤੰਤਰ ਬੌਧਿਕ ਪੇਸ਼ਿਆਂ ਵਿੱਚ ਉਹ ਅੱਜ ਵੀ ਕਾਫੀ ਪਿੱਛੇ ਹਨ। ਪੂੰਜੀ ਦੀ ਸਰਵਪੱਖੀ ਮਾਰ ਨੇ ਉੱਚ ਜਾਤੀਆਂ ਦੀ ਇੱਕ ਭਾਰੀ ਅਬਾਦੀ ਨੂੰ ਵੀ ਪ੍ਰੋਲੇਤਾਰੀ, ਅਰਧਪ੍ਰੋਲੇਤਾਰੀ ਅਤੇ ਪਰੇਸ਼ਾਨਹਾਲ ਆਮ ਹੇਠਲੀਆਂ

ਮੱਧ ਵਰਗ ਦੀਆਂ ਸਫਾਂ ਵਿੱਚ ਧੱਕ ਦਿੱਤਾ ਹੈ, ਪਰ ਤਸਵੀਰ ਦਾ ਦੂਜਾ ਪੱਖ ਇਹ ਵੀ ਹੈ ਕਿ ਬਸਤੀਵਾਦੀ ਦੌਰ ਤੱਕ ਦੀ ਅਰਧ ਜਗੀਰੂ ਸਮਾਜਿਕ ਸੰਰਚਨਾ ਵਿੱਚ ਜੋ ਦਲਿਤ ਅਤੇ ਪੱਛੜੀਆਂ ਜਾਤੀਆਂ ਸਭ ਤੋਂ ਹੇਠਲੀਆਂ ਪਰਤਾਂ ਦੇ ਰੂਪ ਵਿੱਚ ਪਿਸ ਰਹੀਆਂ ਸਨ, ਉਹਨਾਂ ਵਿੱਚੋਂ ਜਿਆਦਾਤਰ ਅੱਜ ਦੇ ਪੂੰਜੀਵਾਦੀ ਸੋਪਾਨ ਕ੍ਰਮ (Hierarchy) ਵਿੱਚ ਵੀ ਸਭ ਤੋਂ ਹੇਠਾਂ ਦੇ ਪਾਏਦਾਨਾਂ 'ਤੇ ਖੜ੍ਹੀਆਂ ਹਨ। ਉਹਨਾਂ ਨੂੰ "ਉਪਰ ਉਠਾਉਣ" ਦੇ ਤਮਾਮ ਸਰਕਾਰੀ ਉਪਕ੍ਰਮਾਂ ਨੇ ਦਲਿਤ ਅਬਾਦੀ ਦੇ ਇੱਕ ਬਹੁਤ ਹੀ ਛੋਟੇ ਹਿੱਸੇ ਨੂੰ ਸਰਕਾਰੀ ਨੌਕਰੀਆਂ (ਉਨ੍ਹਾਂ ਵਿੱਚੋਂ ਜਿਆਦਾਤਰ ਛੋਟੀਆਂ ਨੌਕਰੀਆਂ) ਦੀ ਸੁਵਿਧਾ ਦਿੱਤੀ ਹੈ ਅਤੇ ਇਸਦੇ ਬਦਲੇ ਪਿੰਡਾਂ-ਸ਼ਹਿਰਾਂ ਵਿੱਚ ਉਜ਼ਰਤੀ ਗੁਲਾਮੀ ਦਾ ਨਰਕੀ ਜੀਵਨ ਬਿਤਾਉਣ ਵਾਲ਼ੀ ਬਹੁ-ਗਿਣਤੀ ਅਬਾਦੀ ਪ੍ਰਤੀ ਗਰੀਬ ਅਤੇ ਮੱਧ ਵਰਗੀ ਉੱਚ ਅਬਾਦੀ ਵਿੱਚ ਪਹਿਲਾਂ ਤੋਂ ਹੀ ਮੌਜੂਦ ਜਾਤੀਗਤ ਤੁਅੱਸਬ ਤੇ ਘਿਰਣਾ ਨੂੰ ਨਵੇਂ ਸਿਰੇ ਤੋਂ ਖਾਦ ਪਾਣੀ ਦੇਣ ਦਾ ਕੰਮ ਕੀਤਾ ਹੈ।

ਪੱਛੜੀਆਂ ਜਾਤਾਂ ਦੀ ਸਥਿਤੀ ਥੋੜ੍ਹੀ ਜਿਹੀ ਵੱਖਰੀ ਹੈ। ਅਜ਼ਾਦੀ ਤੋਂ ਬਾਅਦ ਭਾਰਤੀ ਖੇਤੀ ਦੇ ਪੂੰਜੀਵਾਦੀਕਰਨ ਦੇ ਨਾਲ਼ ਹੀ ਜਮੀਨ ਦਾ ਮਾਲਕ ਬਣੇ ਕਿਸਾਨਾਂ ਦੇ ਜਿਸ ਤਬਕੇ ਨੇ ਬਜ਼ਾਰ ਲਈ ਪੈਦਾ ਕਰਕੇ ਮੁਨਾਫਾ ਕਮਾਉਣ ਵਾਲ਼ੇ ਪੂੰਜੀਵਾਦੀ ਫਾਰਮਰਾਂ-ਭੂਮੀਪਤੀਆਂ-ਕੁਲਕਾਂ ਦੇ ਰੂਪ ਵਿੱਚ ਵਿਕਾਸ ਕੀਤਾ, ਜੇ ਉਸਦੀ ਜਾਤੀਗਤ ਪਿੱਠ ਭੂਮੀ ਦੇਖੀ ਜਾਵੇ ਤਾਂ ਪਤਾ ਲੱਗੇਗਾ ਕਿ ਉਹ ਜਿਆਦਾਤਰ ਸਾਬਕਾ ਮੁਜ਼ਾਰੇ, ਮਰਾਠਾ, ਰੇਡੀ, ਕੰਮਾ, ਕੁਰਮੀ, ਸੈਂਥਵਾਰ, ਕੋਇਰੀ, ਯਾਦਵ ਆਦਿ ਪੱਛੜੀਆਂ ਜਾਤਾਂ ਤੋਂ ਮਿਲਕੇ ਬਣਿਆਂ ਸੀ। ਆਪਣੀ ਵਧਦੀ ਆਰਥਿਕ ਸ਼ਕਤੀ ਦੇ ਹਿਸਾਬ ਨਾਲ਼ ਇਹਨਾਂ ਜਾਤਾਂ ਦੇ ਪ੍ਰਭਾਵੀ ਲੋਕਾਂ ਨੇ ਪੂੰਜੀਵਾਦੀ ਚੁਣਾਵੀ ਰਾਜਨੀਤੀ ਵਿੱਚ ਵੀ ਆਪਣੀ ਭਾਗੀਦਾਰੀ ਵਧਾਈ, ਕਈ ਰਾਜਾਂ ਵਿੱਚ ਵੱਖ-ਵੱਖ ਹੱਦਾਂ ਤੱਕ ਉੱਚ ਜਾਤੀ ਦੇ ਧਨੀਆਂ ਨੂੰ ਸੱਤ੍ਹਾ ਤੋਂ ਉਲ਼ਟਾ ਵੀ ਦਿੱਤਾ ਗਿਆ ਅਤੇ ਨਵੇਂ ਪੇਂਡੂ ਦ੍ਰਿਸ਼ ਵਿੱਚ ਦਲਿਤਾਂ ਦੇ (ਜਿਨਾਂ ਵਿੱਚ ਜਿਆਦਾਤਰ ਖੇਤ ਮਜ਼ਦੂਰ ਹੀ ਹਨ) ਨਵੇਂ ਜ਼ਾਬਰਾਂ ਦੇ ਰੂਪ ਵਿੱਚ ਸਾਹਮਣੇ ਆਏ। ਪਰ ਇਸ ਦਿਖਾਈ ਦੇਣ ਵਾਲ਼ੀ ਸੱਚਾਈ ਦੇ ਪਿੱਛੇ ਦੀ ਇਹ ਮੂਲ ਸੱਚਾਈ ਇਸ ਤਰਾਂ ਨਜ਼ਰਾਂ ਤੋਂ ਪਰੇ ਕਰ ਦਿੱਤੀ ਜਾਂਦੀ ਹੈ ਕਿ ਭਾਰਤ ਦੀਆਂ ਹਜ਼ਾਰਾਂ ਪੱਛੜੀਆਂ ਜਾਤਾਂ ਵਿੱਚੋਂ ਮੁਸ਼ਕਿਲ ਨਾਲ਼ ਦਰਜਨ ਭਰ ਨੂੰ ਛੱਡ ਕੇ, ਹੋਰਾਂ ਦੀ ਸਥਿਤੀ ਆਰਥਿਕ ਸਮਾਜਿਕ ਹੈਸੀਅਤ ਦੇ ਨਜ਼ਰੀਏ ਤੋਂ ਲਗਭਗ ਦਲਿਤਾਂ ਜਿਹੀ, ਜਾਂ ਕੁੱਝ ਹੀ ਉੱਪਰ ਹੈ। ਅਤੇ ਪੂੰਜੀਵਾਦੀ ਫਾਰਮਰਾਂ-ਭੂਮੀਪਤੀਆਂ-ਕੁਲਕਾਂ ਵਿੱਚ ਜਿਹੜੀਆਂ ਪੱਛੜੀਆਂ ਜਾਤਾਂ ਦੀ ਬਹੁਤਾਤ ਹੈ, ਉਹਨਾਂ ਪੱਛੜੀਆਂ ਜਾਤੀਆਂ ਦਾ ਵੀ 70-80 ਪ੍ਰਤੀਸ਼ਤ ਹਿੱਸਾ ਅੱਜ ਨਿਮਨ ਮੱਧਵਰਗੀ ਕਿਸਾਨ, ਪੇਂਡੂ ਤੇ ਸ਼ਹਿਰੀ ਨਿਮਨ ਮੱਧਵਰਗ ਅਤੇ ਪ੍ਰੋਲੇਤਾਰੀ-ਅਰਧਪ੍ਰੋਲੇਤਾਰੀ ਦੇ ਰੂਪ ਵਿੱਚ ਹੀ ਜਿੰਦਗੀ ਬਸਰ ਕਰ ਰਿਹਾ ਹੈ। ਪੂੰਜੀ ਦੀ ਲਗਾਤਾਰ ਵਧਦੀ ਮਾਰ ਉਹਨਾਂ ਨੂੰ ਉਹਨਾਂ ਦੀ ਜਗ੍ਹਾ ਜਮੀਨ ਤੋਂ ਉਜਾੜਕੇ ਪਿੰਡਾਂ ਵਿੱਚ ਅਤੇ ਉਸਤੋਂ ਵੀ

ਜਿਆਦਾ ਸ਼ਹਿਰਾਂ ਵਿੱਚ, ਮਜ਼ਦੂਰੀ ਅਤੇ ਦਫ਼ਤਰੀ ਨੌਕਰੀ–ਚਾਕਰੀ ਦੀ ਤਲਾਸ਼ ਲਈ ਮਜ਼ਬੂਰ ਕਰ ਰਹੀ ਹੈ ਅਤੇ ਇਹ ਸਭ ਕੁੱਝ ਸੰਸਾਰੀਕਰਨ ਦੇ ਅਜਿਹੇ ਦੌਰ ਵਿੱਚ ਹੋ ਰਿਹਾ ਹੈ ਜਦੋਂ ਚਾਰੇ ਪਾਸੇ "ਰੁਜ਼ਗਾਰ ਰਹਿਤ ਵਿਕਾਸ" ਦਾ ਬੋਲਬਾਲਾ ਹੈ। ਨੌਕਰੀਆਂ ਲਗਾਤਾਰ ਘਟ ਰਹੀਆਂ ਹਨ ਅਤੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ।

ਅਜਿਹੇ ਸਮੇਂ ਵਿੱਚ ਹਾਕਮ ਜਮਾਤਾਂ ਜਦੋਂ ਨੌਕਰੀਆਂ ਜਾਂ ਉੱਚ ਸਿੱਖਿਆ ਵਿੱਚ ਰਿਜ਼ਰਵੇਸ਼ਨ ਦਾ ਸ਼ੋਸ਼ਾ ਛਡਦੇ ਹਨ ਤਾਂ ਪਹਿਲਾਂ ਤੋਂ ਨੌਕਰੀਆਂ 'ਤੇ ਨਿਰਭਰ, ਮੱਧਵਰਗੀ, ਉੱਚ ਜਾਤੀਆਂ ਦੇ ਵਿਦਿਆਰਥੀਆਂ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਲਗਦਾ ਹੈ ਕਿ ਰਿਜ਼ਰਵੇਸ਼ਨ ਦੀ ਫਹੁੜੀ ਸਹਾਰੇ ਦਲਿਤ ਅਤੇ ਪੱਛੜੀਆਂ ਜਾਤਾਂ ਉਨਾਂ ਦੇ ਰੁਜ਼ਗਾਰ ਦੇ ਰਹੇ–ਸਹੇ ਮੌਕਿਆਂ ਨੂੰ ਵੀ ਖੋਹ ਰਹੀਆਂ ਹਨ। ਉਹ ਇਸ ਜਮੀਨੀ ਹਕੀਕਤ ਨੂੰ ਨਹੀਂ ਦੇਖ ਪਾਉਂਦੇ ਕਿ ਅਸਲ ਵਿੱਚ **ਰੁਜ਼ਗਾਰ ਦੇ ਮੌਕੇ ਹੀ ਇਨੇ ਘਟ ਗਏ ਹਨ ਕਿ ਜੇ ਰਿਜ਼ਰਵੇਸ਼ਨ ਨੂੰ ਇੱਕਦਮ ਖਤਮ ਕਰ ਦਿੱਤਾ ਜਾਵੇ ਤਾਂ ਵੀ ਉੱਚ ਜਾਤੀਆਂ ਦੇ ਸਾਰੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਮਿਲ ਸਕੇਗਾ। ਇਸ ਤਰਾਂ ਦਲਿਤ ਅਤੇ ਪੱਛੜੀਆਂ ਜਾਤੀਆਂ ਦੇ ਨੌਜਵਾਨ ਇਹ ਨਹੀਂ ਦੇਖ ਪਾਉਂਦੇ ਕਿ ਜੇ ਰਿਜ਼ਰਵੇਸ਼ਨ ਦੇ ਪ੍ਰਤੀਸ਼ਤ ਨੂੰ ਕੁੱਝ ਹੋਰ ਵਧਾ ਦਿੱਤਾ ਜਾਵੇ ਅਤੇ ਜੇ ਇਮਾਨਦਾਰ ਅਤੇ ਪ੍ਰਭਾਵੀ ਢੰਗ ਨਾਲ ਲਾਗੂ ਕਰ ਦਿੱਤਾ ਜਾਵੇ, ਤਾਂ ਵੀ ਦਲਿਤ ਅਤੇ ਪੱਛੜੀਆਂ ਜਾਤਾਂ ਦੇ ਪੰਜਾਹ ਪ੍ਰਤੀਸ਼ਤ ਬੇਰੁਜਗਾਰ ਨੌਜਵਾਨਾਂ ਨੂੰ ਵੀ ਰੁਜ਼ਗਾਰ ਨਸੀਬ ਨਹੀਂ ਹੋ ਸਕੇਗਾ। ਉਹਨਾਂ ਲਈ ਰੁਜ਼ਗਾਰ ਦੇ ਜੋ ਥੋੜ੍ਹੇ ਜਿਹੇ ਮੌਕੇ ਪ੍ਰਾਪਤ ਹੋਣਗੇ, ਉਨਾਂ ਦਾ ਵੀ ਲਾਭ ਮੁੱਖ ਰੂਪ ਵਿੱਚ ਮੱਧਵਰਗੀ ਬਣ ਚੁੱਕੇ ਦਲਿਤਾਂ ਅਤੇ ਆਰਥਿਕ-ਸਮਾਜਿਕ-ਰਾਜਨੀਤਕ ਰੂਪ ਨਾਲ਼ ਪ੍ਰਭਾਵਸ਼ਾਲੀ ਪੱਛੜੀਆਂ ਜਾਤਾਂ ਦੇ ਲੋਕਾਂ ਦੀ ਇੱਕ ਬਿਲਕੁਲ ਛੋਟੀ ਜਿਹੀ ਅਬਾਦੀ ਦੇ ਖਾਤੇ ਵਿੱਚ ਹੀ ਚਲਿਆ ਜਾਵੇਗਾ ਅਤੇ ਪਿੰਡਾਂ ਸ਼ਹਿਰਾਂ ਵਿੱਚ ਪ੍ਰੋਲੇਤਾਰੀ-ਅਰਧਪ੍ਰੋਲੇਤਾਰੀ ਦਾ ਜੀਵਨ ਬਿਤਾਉਣ ਵਾਲ਼ੀ ਬਹੁਗਿਣਤੀ ਅਬਾਦੀ ਨੂੰ ਇਸ ਵਿੱਚੋਂ ਕੁੱਝ ਵੀ ਹਾਸਿਲ ਨਹੀਂ ਹੋਵੇਗਾ।**

ਲੋੜ ਇਸ ਗੱਲ ਦੀ ਹੈ ਕਿ ਸਦੀਆਂ ਪੁਰਾਣੇ ਜਾਤੀਗਤ ਤੁਅੱਸਬਾਂ ਅਤੇ ਹਾਕਮ ਜਮਾਤ ਦੀਆਂ ਕੂਟ ਨੀਤੀਆਂ ਦਾ ਸ਼ਿਕਾਰ ਹੋਣ ਦੀ ਬਜਾਇ ਇਸ ਦੇਸ਼ ਦਾ ਨੌਜਵਾਨ ਵਰਗ ਇਨਾਂ ਬੁਨਿਆਦੀ ਸਵਾਲਾਂ 'ਤੇ ਵਿਚਾਰ ਕਰੇ ਕਿ ਭਾਰਤੀ ਸਮਾਜ ਨੂੰ ਗਹਿਰਾਈ ਨਾਲ਼ ਗਰੱਸੇ 'ਜਾਤੀ ਦੇ ਜ਼ਹਿਰ' ਨੂੰ ਜੜੋਂ ਖ਼ਤਮ ਕਰਨ ਦਾ, ਜਾਤੀਗਤ ਵੰਡ ਨੂੰ ਖ਼ਤਮ ਕਰਨ ਦਾ ਅਤੇ ਬਰਬਰ ਜਾਤੀ ਦਾਬੇ ਅਤੇ ਘੋਰ ਜਾਤੀਗਤ ਅਪਮਾਨ ਨਾਲ ਦਲਿਤ ਤੇ ਵੱਖ–ਵੱਖ ਪੱਛੜੀਆਂ ਜਾਤੀਆਂ ਦੀ ਅੰਤਮ ਮੁਕਤੀ ਦਾ ਪ੍ਰੋਜੈਕਟ ਕੀ ਹੋਵੇਗਾ ? ਲੋੜ ਇਸ ਸਵਾਲ 'ਤੇ ਸੋਚਣ ਦੀ ਹੈ ਕਿ ਜਾਤੀਗਤ ਭੇਦਭਾਵ ਅਤੇ ਵੰਡ ਨੂੰ ਭਾਰਤੀ ਲੋਕਾਂ ਦੀ ਮੁਕਤੀ ਅਤੇ ਬਰਾਬਰੀ ਅਧਾਰਤ ਸਮਾਜ ਦੇ ਨਿਰਮਾਣ ਦੇ ਇਤਿਹਾਸਕ ਇਨਕਲਾਬੀ ਪ੍ਰੋਜੈਕਟ ਦਾ ਬੁਨਿਆਦੀ ਅਤੇ ਅਨਿੱਖੜਵਾਂ ਅੰਗ ਕਿਸ ਤਰਾਂ ਬਣਾਇਆ ਜਾਵੇ ? ਇਹਨਾਂ ਬੁਨਿਆਦੀ ਸਵਾਲਾਂ ਦੇ ਮੱਦੇਨਜ਼ਰ

ਅਸੀਂ ਰਿਜ਼ਰਵੇਸ਼ਨ ਦੇ ਪੱਖ ਅਤੇ ਵਿਪੱਖ ਵਿੱਚ ਵੰਡੇ ਤਰਕਸ਼ੀਲ, ਇਮਾਨਦਾਰ, ਸੰਵੇਦਨਸ਼ੀਲ ਵਿਦਿਆਰਥੀ ਨੌਜਵਾਨਾਂ ਨਾਲ ਕੁੱਝ ਦੋ ਕੁ ਟੁਕ ਗੱਲਾਂ ਕਰਨੀਆਂ ਚਾਹੁੰਦੇ ਹਾਂ।

ਰਿਜ਼ਰਵੇਸ਼ਨ ਦੇ ਵਿਰੋਧੀਆਂ ਨੂੰ

ਉੱਚ ਸਿੱਖਿਆ ਸੰਸਥਾਵਾਂ ਵਿੱਚ ਪੱਛੜੀਆਂ ਜਾਤਾਂ ਨੂੰ 27% ਰਿਜ਼ਰਵੇਸ਼ਨ ਦੇਣ ਦਾ ਪ੍ਰਸਤਾਵ ਜਦੋਂ ਸਾਹਮਣੇ ਆਇਆ ਤਾਂ ਇਸਦੇ ਵਿਰੁੱਧ ਸਭ ਤੋਂ ਪਹਿਲਾ ਤਰਕ ਇਹ ਦਿੱਤਾ ਗਿਆ ਕਿ ਇਸ ਨਾਲ ਭਾਰਤ ਵਿੱਚ ਸਿਹਤ ਸੇਵਾਵਾਂ ਦਾ ਪੱਧਰ ਹੇਠਾਂ ਆ ਜਾਵੇਗਾ, ਇਹ ਆਮ ਲੋਕਾਂ ਦੇ ਜੀਵਨ ਨਾਲ਼ ਧੋਖਾ ਹੋਵੇਗਾ, ਇਸ ਨਾਲ਼ ਵਿਗਿਆਨਕ ਖੋਜ ਦਾ ਪੱਧਰ ਪ੍ਰਭਾਵਿਤ ਹੋਵੇਗਾ ਅਤੇ ਦੇਸ਼ ਦੀ ਪ੍ਰਗਤੀ ਪ੍ਰਭਾਵਿਤ ਹੋਵੇਗੀ... ਵਗੈਰਾ–ਵਗੈਰਾ। ਪਰ ਇਹ ਤਾਂ ਦੱਸੋ ਕਿ ਜਿਸ "ਚਿੰਤਾ" ਦੇ ਕਾਰਨ ਤੁਸੀਂ ਯੋਗਤਾ ਦਾ ਇਹ ਤਰਕ ਘੜ ਰਹੇ ਹੋ, ਉਸ "ਚਿੰਤਾ" ਦੇ ਅਧਾਰ 'ਤੇ ਤਾਂ ਤੁਹਾਨੂੰ ਐੱਨ. ਆਰ. ਆਈ. ਕੋਟੇ ਤਹਿਤ ਅਤੇ ਕੈਪੀਟੇਸ਼ਨ ਫੀਸ ਦੇ ਅਧਾਰ 'ਤੇ ਮੈਡੀਕਲ ਅਤੇ ਇੰਜਨੀਅਰਿੰਗ ਕਾਲਜਾਂ ਵਿੱਚ ਪ੍ਰਵੇਸ਼ ਦੇ ਕਈ ਸਾਲ ਪਹਿਲਾਂ ਤੋਂ ਲਾਗੂ ਫੈਸਲੇ ਦਾ ਵੀ ਵਿਰੋਧ ਕਰਨਾ ਚਾਹੀਦਾ ਸੀ ? ਪਰ ਇਸ ਮਸਲੇ 'ਤੇ ਤੁਸੀਂ ਚੂੰ ਵੀ ਨਹੀਂ ਕੀਤੀ ! ਕੀ ਪ੍ਰਵਾਸੀ ਭਾਰਤੀਆਂ ਅਤੇ ਦਸ–ਦਸ ਲੱਖ ਰੁਪਏ ਤੱਕ ਕੈਪੀਟੇਸ਼ਨ ਫੀਸ ਦੇ ਸਕਣ ਵਾਲ਼ੇ ਦੇਸ਼ੀ ਧਨੀ ਸੇਠਾਂ ਦੀਆਂ ਸਾਰੀਆਂ ਔਲਾਦਾਂ ਪ੍ਰਤਿਭਾਸ਼ਾਲੀ ਹੀ ਪੈਦਾ ਹੁੰਦੀਆਂ ਹਨ ? ਇਹਨਾਂ ਸੰਸਥਾਵਾਂ ਵਿੱਚ ਦਾਖਲੇ ਲਈ ਧਨੀਆਂ ਦੀ ਜਮਾਤ ਆਪਣੇ ਕੁਲਦੀਪਕਾਂ ਦੀ ਕੋਚਿੰਗ 'ਤੇ ਲੱਖਾਂ ਰੁਪਏ ਖਰਚ ਕਰ ਦਿੰਦੀ ਹੈ। ਜੇ ਤੁਸੀਂ ਇਨਸਾਫ਼ਪਸੰਦ ਹੋ ਅਤੇ ਯੋਗਤਾ ਨੂੰ ਲੈ ਕੇ ਚਿੰਤਤ ਹੋ ਤਾਂ ਫਿਰ ਤੁਸੀਂ ਕਦੇ ਵੀ ਸਰਕਾਰ ਤੋਂ ਇਸ ਤਰਾਂ ਦੀ ਮੰਗ ਕਿਉਂ ਨਹੀਂ ਕੀਤੀ ਕਿ ਉਹ ਜਾਂ ਤਾਂ ਅਜਿਹੀਆਂ ਪ੍ਰਾਈਵੇਟ ਕੋਚਿੰਗ ਸੰਸਥਾਵਾਂ 'ਤੇ ਰੋਕ ਲਾ ਕੇ ਸਾਰੇ ਚਾਹਵਾਨ ਵਿਦਿਆਰਥੀਆਂ ਲਈ ਮੁਫ਼ਤ ਜਾਂ ਸਸਤੀ ਕੋਚਿੰਗ ਦੀ ਸਮਾਨ ਵਿਵਸਥਾ ਲਾਗੂ ਕਰੇ ਜਾਂ ਫਿਰ ਦਲਿਤਾਂ, ਹੋਰ ਪੱਛੜੀਆਂ ਜਾਤੀਆਂ ਅਤੇ ਵਾਂਝੇ ਤਬਕਿਆਂ ਲਈ ਵੱਖਰੇ ਤੌਰ 'ਤੇ ਮੁਫ਼ਤ ਕੋਚਿੰਗ ਦਾ ਪ੍ਰਬੰਧ ਕਰੇ ਤਾਂ ਕਿ ਕੋਈ ਯੋਗ ਵਿਅਕਤੀ ਮਹਿਜ ਆਰਥਿਕ–ਸਮਾਜਿਕ ਕਾਰਨਾਂ ਕਰਕੇ ਇਹਨਾਂ ਸੰਸਥਾਵਾਂ ਵਿੱਚ ਦਾਖਲੇ ਤੋਂ ਵਾਂਝਾ ਨਾ ਰਹਿ ਜਾਵੇ ! ਜੇ ਤੁਸੀਂ ਅਸਲ ਵਿੱਚ ਇੰਜਨੀਅਰਿੰਗ, ਮੈਡੀਕਲ ਅਤੇ ਵਿਗਿਆਨਕ ਖੋਜ ਦੇ ਡਿਗਦੇ ਪੱਧਰ ਦੀ ਅਸ਼ੰਕਾ ਅਤੇ ਇਨਾਂ ਖੇਤਰਾਂ ਵਿੱਚ ਅਯੋਗ ਲੋਕਾਂ ਦੇ ਦਾਖਲੇ ਨੂੰ ਲੈ ਕੇ ਚਿੰਤਤ ਹੈ, ਤਾਂ ਤੁਸੀਂ ਮੈਡੀਕਲ, ਇੰਜਨੀਅਰਿੰਗ, ਪੈਰਾਮੈਡੀਕਲ, ਤਕਨੀਕੀ ਅਤੇ ਉੱਚ ਸਿੱਖਿਆ ਲਈ ਖੇਤਰ ਵਿੱਚ ਲਗਾਤਾਰ ਤੇਜੀ ਨਾਲ਼ ਹੁੰਦੀ ਜਾ ਰਹੀ ਨਿੱਜੀਕਰਨ ਦੀ ਲਹਿਰ ਦਾ ਕਦੇ ਵਿਰੋਧ ਕਿਉਂ ਨਹੀਂ ਕੀਤਾ, ਜਿਸ ਕਰਕੇ ਸਿੱਖਿਆ ਕੇਵਲ ਵਪਾਰ ਜਾਂ ਪੈਸੇ ਦਾ ਖੇਲ੍ਹ ਹੋਕੇ ਰਹਿ ਗਈ ਹੈ ! ਲੱਖ ਯੋਗਤਾ ਹੋਵੇ, ਪੈਸੇ ਅਤੇ ਪਹੁੰਚ ਦੀ ਕਮੀ ਵਿੱਚ ਅੱਗੇ ਵਧਣ ਦੀਆਂ ਬਾਕੀ ਰਹਿੰਦੀਆਂ ਸੰਭਾਵਨਾਵਾਂ ਵੀ ਲਗਾਤਾਰ ਸੁੰਗੜਦੀਆਂ ਜਾ ਰਹੀਆਂ ਹਨ ! ਕੀ ਤੁਸੀਂ ਇਸਦੇ ਵਿਰੋਧ ਵਿੱਚ ਵੀ ਕਦੇ

ਸ਼ਾਮਿਲ ਹੋਏ ਹੋ ?

ਅੱਛਾ, ਤਾਂ ਤੁਸੀਂ ਦੇਸ਼ ਦੀ ਤਰੱਕੀ ਨੂੰ ਲੈ ਕੇ ਚਿੰਤਤ ਹੋ ! ਪਰ ਇਹ ਤਾਂ ਦੱਸੋ, ਹਰ ਸਾਲ ਹਜ਼ਾਰਾਂ ਡਾਕਟਰ, ਇੰਜਨੀਅਰ, ਵਿਗਿਆਨੀ ਇਸ ਦੇਸ਼ ਦੀ ਆਮ ਲੋਕਾਂ ਦੇ ਖ਼ੂਨ ਪਸੀਨੇ ਨਾਲ਼ ਬਣੀਆਂ ਸੰਸਥਾਵਾਂ ਤੋਂ ਡਿਗਰੀਆਂ ਹਾਸਿਲ ਕਰਨ ਤੋਂ ਬਾਅਦ, ਵੱਧ ਤੋਂ ਵੱਧ ਪੈਸਾ ਕੁੱਟਣ ਲਈ ਅਮਰੀਕਾ ਅਤੇ ਯੂਰਪ ਦਾ ਰਾਹ ਫੜ ਲੈਂਦੇ ਹਨ ! ਕੀ ਤੁਸੀਂ ਇਸ ਪ੍ਰਵਿਰਤੀ ਦਾ ਤੇ ਇਸ ਵਿੱਚ ਵਾਧਾ ਕਰਨ ਵਾਲ਼ੀਆਂ ਸਰਕਾਰੀ ਨੀਤੀਆਂ ਦਾ ਵਿਰੋਧ ਕੀਤਾ ਹੈ ? ਇਹ ਤਾਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਲੱਖਾਂ ਰੁਪਏ ਕੈਪੀਟੇਸ਼ਨ ਫੀਸ ਅਤੇ ਮਹਿੰਗੀ ਫੀਸ ਚੁਕਾਉਣ ਦੇ ਬਾਵਜੂਦ, ਇੱਕ ਡਾਕਟਰ, ਇੰਜੀਨੀਅਰ, ਜਾਂ ਵਿਗਿਆਨੀ ਤਿਆਰ ਹੋਣ ਵਿੱਚ ਅੱਸੀ ਫੀਸਦੀ ਤੋਂ ਵੀ ਵੱਧ ਖਰਚ ਸਰਕਾਰੀ ਹੁੰਦਾ ਹੈ, ਜੋ ਆਮ ਲੋਕਾਂ ਤੋਂ ਅਸਿੱਧੇ ਟੈਕਸਾਂ ਦੇ ਰੂਪ ਵਿੱਚ ਵਸੂਲੀ ਗਈ ਧਨ ਰਾਸ਼ੀ ਤੋਂ ਆਉਂਦਾ ਹੈ ! ਤਾਂ ਕੀ ਅਜਿਹੇ ਲੋਕਾਂ ਨੂੰ ਤੁਸੀਂ ਦੇਸ਼ ਧਰੋਹੀ ਮੰਨਦੇ ਹੋ ਜੋ ਆਮ ਲੋਕਾਂ ਦੇ ਸਹਾਰੇ ਮੁਹਾਰਤ ਹਾਸਲ ਕਰਨ ਤੋਂ ਬਾਅਦ, ਖੁਦ ਡਾਲਰ–ਪੌਂਡ ਬਟੋਰਨ ਲਈ ਵਿਦੇਸ਼ ਭੱਜ ਜਾਂਦੇ ਹਨ ਅਤੇ ਆਪਣੀ ਯੋਗਤਾ ਨਾਲ਼ ਉਹਨਾਂ ਸਾਮਰਾਜਵਾਦੀਆਂ ਦੀ ਸੇਵਾ ਕਰਦੇ ਹਨ ਜੋ ਸਲਾਨਾ ਸਾਡੇ ਦੇਸ਼ ਤੋਂ ਅਰਬਾਂ–ਖਰਬਾਂ ਰੁਪਏ ਮੁਨਾਫਾ, ਰਾਅਲਟੀ ਅਤੇ ਸੂਦ ਦੇ ਰੂਪ ’ਚ ਲੁੱਟ ਕੇ ਲੈ ਜਾਂਦੇ ਹਨ। ਤੁਸੀਂ ਕਹੋਗੇ ਕਿ ਅਜਿਹਾ ਇਸ ਦੇਸ਼ ਵਿੱਚ ਰੁਜ਼ਗਾਰ ਦੇ ਮੌਕੇ ਅਤੇ ਯੋਗਤਾ ਦੀ ਪੁੱਛ ਗਿੱਛ ਨਾ ਹੋਣ ਦੇ ਕਾਰਨ ਹੁੰਦਾ ਹੈ ! ਪਰ ਤੁਸੀਂ ਆਪ ਸਰਕਾਰ ਦੀਆਂ ਉਹਨਾਂ ਨੀਤੀਆਂ ਦਾ ਵਿਰੋਧ ਕਿਉਂ ਨਹੀਂ ਕਰਦੇ ਜੋ ਲਗਾਤਾਰ ‘ਰੁਜ਼ਗਾਰ ਰਹਿਤ ਵਿਕਾਸ’ ਨੂੰ ਅੱਗੇ ਵਧਾ ਰਹੀਆਂ ਹਨ ? ਜੇ ਤੁਸੀਂ ਇਨਸਾਫ ਪਸੰਦ ਹੋ ਤਾਂ ਤੁਸੀਂ ਉਸ ਸਮਾਜਿਕ–ਰਾਜਨੀਤਕ ਢਾਂਚੇ ਦੇ ਵਿਰੋਧ ਵਿੱਚ ਕਿਉਂ ਨਹੀਂ ਖੜ੍ਹੇ ਹੁੰਦੇ, ਜਿਸ ਵਿੱਚ ਵਿਕਾਸ ਦੇ ਕੰਮਾਂ ਅਤੇ ਸਿਹਤ ਸੇਵਾਵਾਂ ਦੇ ਵਿਆਪਕ ਵਿਸਤਾਰ ਦੀ ਜ਼ਰੂਰਤ ਅਤੇ ਹਰ ਤਰਾਂ ਦੇ ਕੁਦਰਤੀ ਸਾਧਨਾਂ ਤੇ ਯੋਗ ਲੋਕਾਂ ਦੀ ਮੌਜੂਦਗੀ ਦੇ ਬਾਵਜੂਦ ਡਾਕਟਰਾਂ–ਇੰਜੀਨੀਅਰਾਂ–ਵਿਗਿਆਨੀਆਂ ਤੱਕ ਨੂੰ ਰੁਜ਼ਗਾਰ ਨਹੀਂ ਮਿਲਦਾ ?

ਤੁਸੀਂ ਸਿਹਤ ਸੇਵਾਵਾਂ ਦਾ ਪੱਧਰ ਡਿੱਗਣ ਦੇ ਡਰੋਂ ਬੇਹਾਲ ਹੋ ਤਾਂ ਇਸ ਗੱਲ ਵਿਰੁੱਧ ਅਵਾਜ਼ ਕਿਉਂ ਨਹੀਂ ਉਠਾਉਂਦੇ ਕਿ ਸਰਕਾਰੀ ਹਸਪਤਾਲ ਭ੍ਰਿਸ਼ਟਾਚਾਰੀ ਅਤੇ ਦਲਾਲੀ ਦੇ ਅੱਡੇ ਬਣੇ ਹੋਏ ਹਨ, ਉੱਚ ਸਿਹਤ ਕੇਂਦਰਾਂ ’ਤੇ ਤੈਨਾਤ ਜਿਆਦਾਤਰ ਸਰਕਾਰੀ ਡਾਕਟਰ ਉੱਥੇ ਜਾਣ ਦੀ ਬਜਾਏ ਪ੍ਰਾਈਵੇਟ ਪ੍ਰੈਕਟਿਸ ਕਰਕੇ ਪੈਸਾ ਕੁਟਦੇ ਹਨ ਅਤੇ ਮੁਫ਼ਤ ਤਨਖਾਹ ਵੀ ਪਾਉਂਦੇ ਹਨ। ਏਮਸ ਜਿਹੀਆਂ ਸੰਸਥਾਵਾਂ ਅਤੇ ਮੈਡੀਕਲ ਕਾਲਜ ਮੁੱਖ ਤੌਰ ’ਤੇ ਵੀ.ਆਈ.ਪੀ. ਲੋਕਾਂ ਅਤੇ ਧਨਪਤੀਆਂ ਦੀ ਸੇਵਾ ਕਰਦੇ ਹਨ। ਇਸ ਜਰਜਰ ਢਾਂਚੇ ਨੂੰ ਸੁਧਾਰਨ ਦੀ ਬਜਾਏ ਸਰਕਾਰ ਸਿਹਤ ਸੇਵਾਵਾਂ ਦਾ ਵੀ ਅੰਨ੍ਹੇਵਾਹ ਨਿੱਜੀਕਰਨ ਕਰ ਰਹੀ ਹੈ। ਪ੍ਰਾਈਵੇਟ ਪ੍ਰੈਕਟਿਸ ਅਤੇ ਨਰਸਿੰਗ ਹੋਮਾਂ ਵਿੱਚ ਇਲਾਜ ਕਰਾਉਣ ਵਿੱਚ ਅਸਮਰੱਥ ਆਮ ਲੋਕ ਮਾਮੂਲੀ ਰੋਗਾਂ ਦਾ

ਸ਼ਿਕਾਰ ਹੋ ਕੇ ਮਰਨ ਅਤੇ ਨੀਮ ਹਕੀਮਾਂ ਦੀ ਸ਼ਰਣ ਵਿੱਚ ਜਾਣ ਲਈ ਮਜ਼ਬੂਰ ਹੁੰਦੇ ਹਨ। ਬਹੁਕੌਮੀ ਫਾਰਮਾਸਿਉਟਿਕਲ ਕੰਪਨੀਆਂ ਲੋਕਾਂ ਨੂੰ ਗਿਨੀਪਿਗ ਦੇ ਰੂਪ ਵਿੱਚ ਅਤੇ ਡਾਕਟਰ ਦੀ ਆਪਣੇ ਏਜੰਟ ਦੇ ਰੂਪ ਵਿੱਚ ਵਰਤੋਂ ਕਰਦੀਆਂ ਹਨ ਅਤੇ ਉਨਾਂ ਦਾ ਮੁਨਾਫਾ ਹਨ੍ਹੇਰਗਰਦੀ ਦੀ ਭਰੀ ਲੁੱਟ ਨਾਲੋਂ ਘੱਟ ਕੁੱਝ ਵੀ ਨਹੀਂ ਹੁੰਦਾ। ਜੇ ਤੁਸੀਂ ਲੋਕਾਂ ਦੀ ਸਿਹਤ ਨੂੰ ਲੈ ਕੇ ਚਿੰਤਤ ਹੁੰਦੇ ਤਾਂ ਇਸ ਸਵਾਲ ’ਤੇ ਵੀ ਕਦੇ ਅਵਾਜ਼ ਉਠਾਉਂਦੇ ! ਕਿਊਬਾ ਜਿਹੇ ਦੇਸ਼ਾਂ ਦੀ ਗੱਲ ਛੱਡ ਵੀ ਦੇਈਏ ਤਾਂ ਦੁਨੀਆਂ ਦੇ ਕਈ, ਭਾਰਤ ਨਾਲੋਂ ਵੱਧ ਪੱਛੜੇ ਦੇਸ਼ਾਂ ਵਿੱਚ ਸਿਹਤ ਸੇਵਾਵਾਂ ਦੀ ਸਥਿਤੀ ਭਾਰਤ ਤੋਂ ਕਈ ਗੁਣਾਂ ਬਿਹਤਰ ਹੈ ! ਕੀ ਤੁਸੀਂ ਇਸ ਸਵਾਲ ’ਤੇ ਕਦੇ ਸੋਚਿਆ ਹੈ ? ਤੁਹਾਨੂੰ ਲਗਦਾ ਹੈ ਕਿ ਰਿਜ਼ਰਵੇਸ਼ਨ ਨਾਲ਼ ਅਯੋਗ ਲੋਕ ਡਾਕਟਰ ਬਣ ਜਾਣਗੇ ਅਤੇ ਸਿਹਤ ਸੇਵਾਵਾਂ ਦਾ ਪੱਧਰ ਡਿੱਗ ਜਾਵੇਗਾ ! ਪਰ ਤਾਮਿਲਨਾਡੂ ਵਿੱਚ ਮੈਡੀਕਲ ਸਿੱਖਿਆ ਵਿੱਚ ਦਲਿਤਾਂ ਅਤੇ ਪੱਛੜਿਆਂ ਲਈ ਰਿਜ਼ਰਵੇਸ਼ਨ ਕਾਫੀ ਪਹਿਲਾਂ ਤੋਂ ਲਾਗੂ ਹੈ ਅਤੇ ਉੱਥੇ ਮਨੁੱਖੀ ਸਿਹਤ ਸੂਚਕ ਅੰਕ ਜਿਆਦਾਤਰ ਰਾਜਾਂ ਨਾਲੋਂ ਬਿਹਤਰ ਹੈ ! ਇਸ ਬਾਰੇ ਤੁਸੀਂ ਕੀ ਕਹੋਗੇ ?

ਇਹ ਸਾਰੇ ਸਵਾਲ ਉਠਾਉਣ ਪਿੱਛੇ ਜੋ ਸਾਡਾ ਮੂਲ ਮੰਤਵ ਹੈ, ਉਹ ਤੁਸੀਂ ਸਮਝ ਚੁੱਕੇ ਹੋਵੋਗੇ। ਸੱਚਾਈ ਇਹ ਹੈ ਕਿ ਰਿਜ਼ਰਵੇਸ਼ਨ ਦੇ ਵਿਰੋਧ ਦੀ ਵਰਤਮਾਨ ਲਹਿਰ ਦੇ ਪਿੱਛੇ (ਪਹਿਲਾਂ ਦੀ ਤਰਾਂ) ਮੂਲ ਰੂਪ ਵਿੱਚ ਅਤੇ ਮੁੱਖ ਰੂਪ ਵਿੱਚ ਯੋਗਤਾ ਨਿਆਂ ਅਤੇ ਕੌਮੀ ਹਿੱਤ ਦੀ ਕੋਈ ਚਿੰਤਾ ਨਹੀਂ ਸਗੋਂ ਸਦੀਆਂ ਪੁਰਾਣੇ, ਡੂੰਘੇ, ਦਲਿਤਾਂ ਅਤੇ ਪੱਛੜਿਆਂ ਵਿਰੋਧੀ ਜਾਤੀਗਤ ਤਅੱਸਬ, ਘਿਰਣਾ ਅਤੇ ਪਿਛਾਖੜੀ ਸੰਸਕਾਰਾਂ ਦੀ ਅਹਿਮ ਭੂਮਿਕਾ ਹੈ। ਉੱਚ ਜਾਤੀਆਂ ਦਾ ਸਿੱਖਿਅਤ ਮੱਧ ਵਰਗ ਇਹ ਸੋਚਦਾ ਹੈ ਕਿ ਰਿਜ਼ਰਵੇਸ਼ਨ ਦੇ ਕਾਰਨ ਹੁਣ ਦਲਿਤ ਅਤੇ ਪੱਛੜੇ ਵੀ ਉਹਨਾਂ ਦੀ ਬਰਾਬਰੀ ਵਿੱਚ ਆ ਜਾਣਗੇ ਅਤੇ ਉਹਨਾਂ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਵੰਡ–ਵੰਡਾਵਾ ਕਰਨ ਲੱਗਣਗੇ। ਉਹ ਇਹ ਨਹੀਂ ਸੋਚਦੇ ਕਿ ਨਿਆਸੰਗਤ ਜਮਹੂਰੀ ਵਿਵਸਥਾ ਵਿੱਚ ਸਾਰਿਆਂ ਨੂੰ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦਾ ਬੁਨਿਆਦੀ ਅਧਿਕਾਰ ਹੈ ਅਤੇ ਲੜਾਈ ਅਜਿਹੀ ਇੱਕ ਵਿਵਸਥਾ ਦੀ ਸਥਾਪਨਾ ਲਈ ਹੋਣੀ ਚਾਹੀਦੀ ਹੈ। ਇਸਦੀ ਬਜਾਏ, ਸਰਕਾਰ ਜਿਵੇਂ ਹੀ ਰਿਜ਼ਰਵੇਸ਼ਨ ਦਾ ਸ਼ੋਸ਼ਾ ਉਛਾਲ਼ਦੀ ਹੈ, ਉਹ ਸੋਚਦਾ ਹੈ ਕਿ ਪਹਿਲਾਂ ਤੋਂ ਹੀ ਸੁੰਗੜਦੇ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਇਨਾਂ ਦਲਿਤਾਂ ਅਤੇ ਪੱਛੜਿਆਂ ਦੇ ਕਾਰਨ ਹੁਣ ਹੋਰ ਘੱਟ ਹੋ ਜਾਣਗੇ ਅਤੇ ਇੱਕੋ ਜਿਹੀ ਤੇ ਮੁਫ਼ਤ ਸਿੱਖਿਆ ਅਤੇ ਸਭ ਨੂੰ ਰੁਜ਼ਗਾਰ ਦੇ ਇੱਕੋ ਜਿਹੇ ਮੌਕੇ ਦੇ ਅਧਿਕਾਰ ਦੇ ਮਸਲੇ ’ਤੇ ਨਿਰਣਾਇਕ ਸੰਘਰਸ਼ ਦੀ ਲੰਮੇ ਸਮੇਂ ਤਿਆਰੀ ਦੀ ਬਜਾਇ ਇਹ ਰਿਜ਼ਰਵੇਸ਼ਨ ਦਾ ਵਿਰੋਧ ਕਰਨ ਵਿੱਚ ਜੁਟ ਜਾਂਦਾ ਹੈ। ਇਸ ਲਈ **ਨਿਆਂ ਅਤੇ ਦੇਸ਼ ਹਿਤ ਦੇ ਚਾਹੇ ਜਿੰਨੇ ਵੀ ਤਰਕ ਘੜੇ ਜਾਣ, ਅਸਲ ਵਿੱਚ ਇਸਦੇ ਪਿੱਛੇ ਕੱਟੜ ਦਲਿਤ ਵਿਰੋਧੀ ਅਤੇ ਪੱਛੜੀਆਂ ਜਾਤਾਂ ਵਿਰੋਧੀ ਮਨੁੱਖਦੋਖੀ, ਪਿਛਾਖੜੀ ਭਾਵਨਾ ਅਤੇ ਸਦੀਆਂ ਪੁਰਾਣੇ**

ਜਾਤੀਗਤ ਪਿਛਾਖੜੀ ਸੰਸਕਾਰ ਕੰਮ ਕਰ ਰਹੇ ਹੁੰਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ 'ਯੂਥ ਫਾਰ ਇਕਵੈਲਿਟੀ' ਦੇ ਬੈਨਰ ਹੇਠ ਸੰਚਾਲਿਤ ਰੈਲੀਆਂ ਵਿੱਚ ਖੱਤਰੀ ਸਵਾਭਿਮਾਨ ਮੰਚ, ਸਵਰਣ ਅਧਿਕਾਰ ਮੋਰਚਾ, ਬ੍ਰਾਹਮਣ ਅਧਿਕਾਰ ਮੰਚ ਅਤੇ ਮਨੂਵਾਦੀ ਮੋਰਚਾ ਜਿਹੇ ਬੈਨਰ ਨਹੀਂ ਦਿਖਾਈ ਦਿੰਦੇ। ਇਹ ਬੈਨਰ ਦਸਦੇ ਹਨ ਕਿ ਰਿਜ਼ਰਵੇਸ਼ਨ ਦਾ ਵਿਰੋਧ ਕਰਨ ਵਾਲ਼ੀ ਮੁੱਖ ਧਾਰਾ ਸਵਰਨਤਾਂ ਦੀ ਜਮੀਨ 'ਤੇ ਖੜ੍ਹੀ ਹੋ ਕੇ ਆਪਣੇ ਵਿਸ਼ੇਸ਼ਅਧਿਕਾਰਾਂ ਦੀ ਹਿਫ਼ਾਜਤ ਕਰਨਾ ਚਾਹੁੰਦੀ ਹੈ। ਇਸ ਕਰਕੇ ਦਲਿਤ ਅਤੇ ਪੱਛੜੀਆਂ ਜਾਤਾਂ ਦੇ ਆਮ ਲੋਕਾਂ ਵਿੱਚ ਵੀ, ਸੁਭਾਵਿਕ ਤੌਰ 'ਤੇ, ਜਾਤੀਗਤ ਅਧਾਰ 'ਤੇ ਇੱਕ ਪ੍ਰਤਿਕਿਰਿਆ ਪੈਦਾ ਹੁੰਦੀ ਹੈ ਅਤੇ ਸਮੱਸਿਆ ਦੀ ਤਹਿ ਤੱਕ ਪਹੁੰਚਣ ਦੀ ਬਜਾਇ ਜਾਤੀ ਸਵਾਲ ਦੇ ਨਿਰਣਾਇਕ ਤੇ ਅੰਤਿਮ ਹੱਲ ਦੀ ਕਿਸੇ ਇਨਕਲਾਬੀ, ਰੈਡੀਕਲ ਪ੍ਰੋਜੈਕਟ 'ਤੇ ਸੋਚਣ-ਵਿਚਾਰਨ ਦੀ ਬਜਾਇ ਉਹ ਰਿਜ਼ਰਵੇਸ਼ਨ ਦੇ ਹੱਕ ਵਿੱਚ ਅੱਖਾਂ ਬੰਦ ਕਰਕੇ ਖੜ੍ਹੇ ਹੋ ਜਾਂਦੇ ਹਨ। ਨਤੀਜਨ, ਆਮ ਅਬਾਦੀ ਦੀ ਜਾਤ ਅਧਾਰਤ ਵੰਡ ਇੱਕ ਵਾਰ ਫਿਰ ਡੂੰਘੀ ਹੋ ਜਾਂਦੀ ਹੈ, ਉਸਨੂੰ ਫਿਰ ਇੱਕ ਨਵੀਂ ਖੁਰਾਕ ਮਿਲ ਜਾਂਦੀ ਹੈ। ਹਾਕਮ ਜਮਾਤਾਂ ਦੀ ਚਾਲਬਾਜੀ ਇੱਕ ਵਾਰ ਫਿਰ ਸਫਲ ਹੋ ਜਾਂਦੀ ਹੈ ਅਤੇ ਸਾਮਰਾਜਵਾਦੀ-ਪੂੰਜੀਵਾਦੀ ਲੁੱਟ ਅਤੇ ਹਨ੍ਹੇਰਗਰਦੀ ਵਿਰੁੱਧ ਸਾਰੇ ਦੱਬਿਆਂ-ਕੁਚਲਿਆਂ ਨੂੰ ਇੱਕਜੁੱਟ ਕਰਨ ਦੀਆਂ ਕੋਸ਼ਿਸ਼ਾਂ 'ਤੇ ਉਹ ਇੱਕ ਵਾਰ ਫਿਰ ਪ੍ਰਭਾਵੀ ਢੰਗ ਨਾਲ ਚੋਟ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ।

ਹੁਣ ਅਸੀਂ ਇਸ ਸਵਾਲ 'ਤੇ ਰਿਜ਼ਰਵੇਸ਼ਨ ਦੇ ਸਮਰਥਕਾਂ ਨਾਲ਼ ਵੀ ਕੁੱਝ ਕੁ ਗੱਲਾਂ ਕਰਨੀਆਂ ਚਾਹੁੰਦੇ ਹਾਂ।

ਰਿਜ਼ਰਵੇਸ਼ਨ ਦੇ ਸਮਰਥਕਾਂ ਨੂੰ

ਸਾਰੀਆਂ ਸਮਾਜਿਕ-ਰਾਜਨੀਤਕ ਤਬਦੀਲੀਆਂ ਅਤੇ ਪੂੰਜੀਵਾਦੀ ਆਰਥਿਕ ਵਿਕਾਸ ਦੇ ਬਾਵਜੂਦ, ਰਾਜਨੀਤਕ ਅਜ਼ਾਦੀ-ਪ੍ਰਾਪਤੀ ਦੇ ਲਗਭਗ ਛੇ ਦਹਾਕਿਆਂ ਬਾਅਦ ਵੀ ਸਾਡੇ ਦੇਸ਼ ਵਿੱਚ ਜਾਤੀ ਦਾ ਜ਼ਹਿਰ ਸਮਾਜ ਦੇ ਪੋਰ-ਪੋਰ ਵਿੱਚ ਮਿਲਿਆ ਹੋਇਆ ਹੈ। ਦਲਿਤ ਜਾਤੀਆਂ ਨਾ ਕੇਵਲ ਅਪਮਾਨਜਨਕ ਸਮਾਜਿਕ ਭੇਦਭਾਵ ਅਤੇ ਬਰਬਰ ਸਮਾਜਿਕ ਦਾਬੇ ਦੀਆਂ ਸ਼ਿਕਾਰ ਹਨ, ਸਗੋਂ ਆਰਥਿਕ ਤੌਰ 'ਤੇ ਵੀ ਲਗਭਗ ਨੱਬੇ ਫੀਸਦੀ ਦਲਿਤ ਅਬਾਦੀ ਪੂੰਜੀਵਾਦੀ ਸਮਾਜ ਦੇ "ਨਵੇਂ ਗੁਲਾਮਾਂ" — ਉਜ਼ਰਤੀ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਖੜ੍ਹੀ ਹੈ। ਪੱਛੜੀਆਂ ਜਾਤਾਂ ਦੀ ਸਥਿਤੀ ਉਹਨਾਂ ਤੋਂ ਕੁੱਝ ਵੱਖਰੀ ਹੈ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਇਹਨਾਂ ਦਾ ਇੱਕ ਹਿੱਸਾ ਪੂੰਜੀਵਾਦੀ ਧਨੀ ਕਿਸਾਨ ਬਣਕੇ ਪਿੰਡਾਂ ਦੇ ਪੱਧਰ 'ਤੇ ਲੁਟੇਰੀ ਹਾਕਮ ਜਮਾਤ ਵਿੱਚ ਸ਼ਾਮਿਲ ਹੋ ਗਿਆ, ਦਲਿਤ ਜਾਤੀਆਂ ਦਾ ਨਵਾਂ ਜ਼ਾਬਰ ਬਣਕੇ ਉੱਭਰਿਆ ਹੈ ਅਤੇ ਪਿੰਡਾਂ ਤੋਂ ਲੈ ਕੇ ਰਾਜਾਂ ਅਤੇ ਦੇਸ਼ ਦੇ ਕੇਂਦਰੀ ਰਾਜਨੀਤਕ ਢਾਂਚੇ ਤੱਕ ਇਸਦੀ ਜਮਾਤੀ ਸਥਿਤੀ ਦੇ ਅਨੁਰੂਪ ਹਿੱਸੇਦਾਰੀ ਵੀ ਬਣੀ ਹੈ, ਪਰ ਸਿੱਖਿਆ, ਸ਼ਹਿਰੀ

ਨੌਕਰੀਆਂ, ਪ੍ਰਸ਼ਾਸ਼ਨ ਅਤੇ ਸੁਤੰਤਰ ਕਿੱਤਿਆਂ ਵਿੱਚ ਇਸਦੀ ਹਿੱਸੇਦਾਰੀ ਅਜੇ ਅਨੁਪਾਤਕ ਰੂਪ ਤੋਂ ਕਾਫੀ ਘੱਟ ਹੈ ਅਤੇ ਇਸਦਾ ਅਧਾਰ ਮੁੱਖ ਰੂਪ ਵਿੱਚ ਖੇਤੀ ਅਰਥਚਾਰਾ ਬਣਿਆਂ ਹੋਇਆ ਹੈ। ਪਰ ਇਸਤੋਂ ਵੀ ਅਹਿਮ ਗੱਲ ਇਹ ਹੈ ਕਿ ਕੁੱਝ ਪੱਛੜੀਆਂ ਜਾਤੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਛੱਡਕੇ, ਉਨਾਂ ਦਾ ਵੱਡਾ ਹਿੱਸਾ ਅਤੇ ਹੋਰ ਕਈ ਪੱਛੜੀਆਂ ਜਾਤਾਂ ਸਮਾਜਿਕ-ਆਰਥਿਕ ਤੌਰ 'ਤੇ ਦਲਿਤਾਂ ਦੇ ਹੀ ਸਾਹਮਣੇ ਜਾਂ ਉਹਨਾਂ ਤੋਂ ਕੁੱਝ ਹੀ ਉੱਪਰ ਹਨ ਅਤੇ ਆਰਥਿਕ ਤੌਰ 'ਤੇ ਉਨਾਂ ਦੀ ਸਥਿਤੀ ਪ੍ਰੋਲੇਤਾਰੀ, ਅਰਧਪ੍ਰੋਲੇਤਾਰੀ ਜਾਂ ਨਿਮਨ ਮੱਧ ਵਰਗ ਨਾਲੋਂ ਅੱਗੇ ਦੀ ਬਿਲਕੁਲ ਨਹੀਂ ਹੈ। ਇਸਦਾ ਜੋ ਹਿੱਸਾ ਖੇਤੀ ਅਰਥਚਾਰੇ ਵਿੱਚ ਮੁਨਾਫਾਖੋਰ ਵਰਗ ਅਤੇ ਪੇਂਡੂ ਸਮਾਜ ਦੇ ਸਵਾਮੀ ਵਰਗ ਦਾ ਹਿੱਸਾ ਬਣ ਚੁੱਕਿਆ ਹੈ, ਉਹ ਤਾਂ ਪੈਸੇ ਦੀ ਤਾਕਤ ਨਾਲ਼ ਉੱਚ ਸਿੱਖਿਆ ਅਤੇ ਨੌਕਰੀਆਂ ਹਾਸਿਲ ਕਰਕੇ ਸ਼ਹਿਰੀ ਕੁਲੀਨ ਸਮਾਜ ਦਾ ਅੰਗ ਬਣ ਵੀ ਜਾਵੇਗਾ, ਪਰ ਪੱਛੜੀਆਂ ਜਾਤਾਂ ਦੀ ਬਹੁਗਿਣਤੀ ਗਰੀਬ ਅਬਾਦੀ ਤਾਂ ਪੂੰਜੀਵਾਦੀ ਸਮਾਜ ਦੇ ਅਸਮਾਨਤਾਪੂਰਣ ਮੁਕਾਬਲੇ ਵਿੱਚ ਲਗਾਤਾਰ ਪੱਛੜਦੀ ਚਲੀ ਜਾਵੇਗੀ।

ਭਾਰਤੀ ਸਮਾਜ ਦੀ ਇਸ ਨੰਗੀ, ਕਰੂਰ ਅਤੇ ਕੌੜੀ ਸੱਚਾਈ ਦੇ ਮੱਦੇਨਜ਼ਰ, ਜੇ ਭਾਵੁਕਤਾਪੂਰਣ ਢੰਗ ਨਾਲ਼ ਸੋਚਿਆ ਜਾਵੇ ਤਾਂ ਦਲਿਤਾਂ ਅਤੇ ਪੱਛੜਿਆਂ ਲਈ ਸਿੱਖਿਆ ਅਤੇ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਦਾ ਫਾਰਮੂਲਾ ਨਿਆਸੰਗਤ ਪ੍ਰਤੀਤ ਹੁੰਦਾ ਹੈ। ਪਰ ਗਹਿਰਾਈ ਨਾਲ਼ ਦੇਖਣ 'ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦਲਿਤਾਂ ਅਤੇ ਪੱਛੜੀਆਂ ਜਾਤਾਂ ਦੀ ਅਸਲੀ ਸਮਾਜਿਕ ਆਰਥਿਕ ਸਥਿਤੀ ਵਿੱਚ, ਵਰਤਮਾਨ ਪੂੰਜੀਵਾਦੀ ਢਾਂਚੇ ਦੇ ਫ੍ਰੇਮਵਰਕ ਦੇ ਅੰਦਰ, ਰਿਜ਼ਰਵੇਸ਼ਨ ਜਾਂ ਕਿਸੇ ਵੀ ਹੋਰ ਢੰਗ ਨਾਲ਼ ਕੋਈ ਬੁਨਿਆਦੀ ਤਬਦੀਲੀ ਨਹੀਂ ਹੋਣ ਵਾਲ਼ੀ ਹੈ। **ਰਿਜ਼ਰਵੇਸ਼ਨ ਦਾ ਮੂਲ ਮੰਤਵ ਸਦੀਆਂ ਤੋਂ ਦੱਬੇ ਕੁੱਚਲੇ ਲੋਕਾਂ ਦੀ ਗੁੱਸੇ ਦੀ ਜਵਾਲਾ ਨੂੰ ਭੜਕ ਉੱਠਣ ਤੋਂ ਰੋਕਣ ਲਈ ਉਸ 'ਤੇ ਕੇਵਲ ਪਾਣੀ ਦੇ ਛਿੱਟੇ ਮਾਰਨਾ ਹੀ ਹੈ। ਦੱਬੇ ਕੁਚਲੇ ਦਲਿਤਾਂ ਅਤੇ ਪੱਛੜੀਆਂ ਜਾਤਾਂ ਦੇ ਗੁੱਸੇ ਨੂੰ ਵਿਵਸਥਾ-ਵਿਰੋਧੀ ਵਿਸਫੋਟ ਦੇ ਰੂਪ ਵਿੱਚ ਫੁੱਟ ਜਾਣ ਤੋਂ ਰੋਕਣ ਲਈ ਰਿਜ਼ਰਵੇਸ਼ਨ ਦਾ ਹਥਕੰਡਾ ਇੱਕ ਸੇਫਟੀਵਾਲਵ ਦਾ ਕੰਮ ਕਰਦਾ ਹੈ।**

ਦਲਿਤਾਂ ਲਈ ਦੋ ਦਹਾਕਿਆਂ ਤੋਂ ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਲਾਗੂ ਰਿਜ਼ਰਵੇਸ਼ਨ ਨਾਲ਼ ਕੇਵਲ ਏਨਾਂ ਫਰਕ ਪੈਂਦਾ ਹੈ ਕਿ ਉਹਨਾਂ ਵਿੱਚੋਂ ਇੱਕ ਬਹੁਤ ਛੋਟਾ, ਸੁਵਿਧਾਜੀਵੀ ਮੱਧਵਰਗ ਪੈਦਾ ਹੋਇਆ ਹੈ ਜੋ ਪਿੰਡਾਂ ਅਤੇ ਸ਼ਹਿਰਾਂ ਵਿੱਚ ਉਜ਼ਰਤੀ ਗੁਲਾਮਾਂ ਦਾ ਨਰਕੀ ਜੀਵਨ ਬਿਤਾਉਣ ਵਾਲ਼ੇ ਦਲਿਤਾਂ ਨਾਲ਼ੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੱਟ ਚੁੱਕਿਆ ਹੈ। ਕਿਉਂਕਿ ਉਸਨੂੰ ਵੀ ਉੱਚ ਜਾਤਾਂ ਦੇ ਹਮਪੇਸ਼ਾ ਲੋਕਾਂ ਵਿੱਚ ਤਰ੍ਹਾਂ-ਤਰ੍ਹਾਂ ਨਾਲ਼, ਪ੍ਰਤੱਖ-ਅਪ੍ਰਤੱਖ ਸਮਾਜਿਕ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਉਹ ਉਸ ਦਲਿਤਵਾਦੀ ਰਾਜਨੀਤੀ ਦੇ ਪੱਖੀ, ਬੁਲਾਰੇ, ਸਿਧਾਂਤਕਾਰ ਦੀ ਭੂਮਿਕਾ ਵਧ ਚੜ੍ਹ ਕੇ ਨਿਭਾਉਂਦਾ

ਹੈ, ਜਿਸਦਾ ਚਰਿੱਤਰ ਤਮਾਮ ਗਰਮਾਗਰਮ ਗੱਲਾਂ ਦੇ ਬਾਵਜੂਦ, ਨਿਹਾਇਤ ਸੁਧਾਰਵਾਦੀ ਹੈ ਅਤੇ ਜੋ ਵਿਆਪਕ ਦਲਿਤ ਅਬਾਦੀ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਕੇਵਲ ਆਪਣਾ ਵੋਟ ਬੈਂਕ ਮਜ਼ਬੂਤ ਕਰਨ ਦਾ ਕੰਮ ਕਰਿਆ ਕਰਦੀ ਹੈ। ਰਿਪਬਲਿਕ ਪਾਰਟੀ ਤੋਂ ਲੈ ਕੇ ਬਸਪਾ ਅਤੇ ਉਦਿਤਰਾਜ ਦੀ ਪਾਰਟੀ ਤੱਕ ਅਤੇ ਇਹੀ ਨਹੀਂ, ਤਮਾਮ ਛੋਟੇ-ਛੋਟੇ ਰੈਡੀਕਲ ਦਲਿਤ ਸੰਗਠਨਾਂ ਤੋਂ ਲੈ ਕੇ ਜਿਆਦਾਤਰ ਦਲਿਤਵਾਦੀ ਬੁੱਧੀਜੀਵੀਆਂ ਤੱਕ — ਸਾਰੇ ਪੂੰਜੀਵਾਦੀ ਢਾਂਚੇ ਅੰਦਰ ਹੀ ਸੁਧਾਰ ਦੀ ਗੁੰਜਾਇਸ਼ ਲਈ ਲੜਦੇ ਹਨ, ਚਾਹੇ ਉਹਨਾਂ ਦੇ ਤੇਵਰ ਕਿੰਨੇ ਵੀ ਤਿੱਖੇ ਹੋਣ। ਨੰਗੀ ਸੱਚਾਈ ਇਹ ਹੈ ਕਿ ਭਾਰਤ ਵਿੱਚ ਜਦੋਂ ਤੱਕ ਪੂੰਜੀਵਾਦ ਰਹੇਗਾ, ਉਦੋਂ ਤੱਕ ਉਜ਼ਰਤੀ ਗੁਲਾਮੀ ਰਹੇਗੀ ਅਤੇ ਦਲਿਤਾਂ (ਅਤੇ ਪੱਛੜਿਆਂ ਦੀ ਵੀ) ਦੀ ਬਹੁਗਿਣਤੀ ਉਦੋਂ ਤੱਕ ਇਹਨਾਂ ਉਜ਼ਰਤੀ ਗੁਲਾਮਾਂ ਦੀਆਂ ਸਫਾਂ ਵਿੱਚ ਸ਼ਾਮਿਲ ਰਹੇਗੀ। ਜਾਤੀਗਤ ਅਧਾਰ ’ਤੇ ਕਾਇਮ ਦਾਬੇ ਦਾ ਅਧਾਰ ਪਹਿਲਾਂ ਜਗੀਰਦਾਰੀ ਸੀ ਅਤੇ ਅੱਜ ਪੂੰਜੀਵਾਦ ਹੈ। ਇਸ ਨੂੰ ਖਤਮ ਕਰਨ ਲਈ ਪੂੰਜੀਵਾਦ-ਵਿਰੋਧੀ ਇਨਕਲਾਬੀ ਘੋਲ਼ ਤੋਂ ਬਿਨਾਂ ਹੋਰ ਕੋਈ ਵੀ ਬੁਨਿਆਦੀ ਹੱਲ ਨਹੀਂ ਹੈ। ਜਾਹਿਰ ਹੈ ਕਿ ਅਸੀਂ ਕੇਵਲ ਆਰਥਿਕ-ਰਾਜਨੀਤਿਕ ਘੋਲ਼ ਦੀ ਹੀ ਗੱਲ ਨਹੀਂ ਕਰ ਰਹੇ ਹਾਂ। ਪ੍ਰਬੰਧ ਵਿਰੋਧੀ ਇਹ ਇਨਕਲਾਬੀ ਘੋਲ਼ ਉਸ ਰੈਡੀਕਲ ਸਮਾਜਿਕ-ਸੱਭਿਆਚਾਰਕ ਸੰਘਰਸ਼ ਤੋਂ ਬਿਨਾਂ ਅਧੂਰਾ ਹੋਵੇਗਾ ਅਤੇ ਕਦੇ ਸਫਲ ਨਹੀਂ ਹੋ ਸਕੇਗਾ ਜੋ ਜਾਤੀ ਭੇਦ ਨੂੰ ਆਪਣੇ ਏਜੰਡੇ ’ਤੇ ਪ੍ਰਮੁੱਖਤਾ ਨਾਲ ਸਥਾਨ ਦੇਵੇਗਾ, ਜੋ ਲੋਕਾਂ ਵਿਚਲੇ ਜਾਤੀ ਅਧਾਰ ’ਤੇ ਕਾਇਮ ਭੇਦ ਨੂੰ ਖ਼ਤਮ ਕਰਨ ਲਈ ਲਗਾਤਾਰ ਜਾਰੀ ਰਹੇਗਾ। **ਸੱਚਾਈ ਇਹ ਹੈ ਕਿ ਭਾਰਤੀ ਸਮਾਜ ਵਿੱਚ ਜਾਤੀ ਦਾ ਜ਼ਹਿਰ ਏਨੀ ਗਹਿਰਾਈ ਨਾਲ਼ ਘਰ ਕਰ ਗਿਆ ਹੈ ਕਿ ਕਿਸੇ ਸਮਾਜਿਕ-ਰਾਜਨੀਤਕ ਇਨਕਲਾਬ ਤੋਂ ਬਾਅਦ ਵੀ, ਇਸਦੇ ਸਮੂਲ ਨਾਸ਼ ਲਈ ਲਗਾਤਾਰ ਸੱਭਿਆਚਾਰਕ ਇਨਕਲਾਬ ਦੇ ਇੱਕ ਲੰਬੇ ਸਿਲਸਿਲੇ ਦੀ ਜ਼ਰੂਰਤ ਹੋਵੇਗੀ।**

ਜੇ ਰਿਜ਼ਰਵੇਸ਼ਨ ਹੀ ਸਮੱਸਿਆ ਦਾ ਹੱਲ ਹੁੰਦੀ ਤਾਂ ਪੰਜਾਬ ਵਿੱਚ 37 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 30,000, ਹਰਿਆਣਾ ਵਿੱਚ 47 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 10,000, ਹਿਮਾਚਲ ਪ੍ਰਦੇਸ਼ ਵਿੱਚ 47 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 6000, ਬਿਹਾਰ ਵਿੱਚ 50 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 62,500, ਰਾਜਸਥਾਨ ਵਿੱਚ 49 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 41,565 ਅਤੇ ਮੱਧ ਪ੍ਰਦੇਸ਼ ਵਿੱਚ 50 ਫੀਸਦੀ ਰਾਖਵੀਆਂ ਨੌਕਰੀਆਂ ਵਿੱਚੋਂ 11,500 ਪੋਸਟਾਂ ਖਾਲੀ ਨਹੀਂ ਪਈਆਂ ਰਹਿੰਦੀਆਂ। ਹੋਰ ਰਾਜਾਂ ਦੀ ਸਥਿਤੀ ਵੀ ਬਿਹਤਰ ਨਹੀਂ ਹੈ। ਅਨੁਮਾਨ ਅਨੁਸਾਰ ਦੇਸ਼ ਭਰ ਵਿੱਚ ਇੱਕ ਲੱਖ ਅਜਿਹੀਆਂ ਸਰਕਾਰੀ ਨੌਕਰੀਆਂ ਹਨ, ਜੋ ਕੋਟੇ ਤਹਿਤ ਖਾਲੀ ਹਨ। ਸੱਚ ਇਹ ਹੈ ਕਿ ਅਨੁਸੂਚਿਤ ਜਾਤੀਆਂ-ਜਨਜਾਤੀਆਂ ਤੇ ਹੋਰ ਪੱਛੜੀਆਂ ਜਾਤੀਆਂ ਦੀ ਬਹੁਗਿਣਤੀ ਸੰਖਿਆ ਆਮ ਅਬਾਦੀ ਦੀ ਇਹੋ ਜਿਹੀ ਆਰਥਕ-ਸਿਖਿਅਕ ਸਥਿਤੀ ਹੀ ਨਹੀਂ ਕਿ ਉਹ ਇਹਨਾਂ ਨੌਕਰੀਆਂ ਲਈ

ਅਪਲਾਈ ਕਰ ਸਕਣ। ਜੋ ਰਾਖਵੀਆਂ ਸੀਟਾਂ ਭਰਦੀਆਂ ਹਨ, ਉਹ ਉਨਾਂ ਦੇ ਖਾਤੇ ਵਿੱਚ ਚਲੀਆਂ ਜਾਂਦੀਆਂ ਹਨ ਜੋ ਪਹਿਲਾਂ ਹੀ ਮੱਧਵਰਗ ਵਿੱਚ ਸ਼ਾਮਿਲ ਹੋ ਚੁੱਕੇ ਹਨ। ਸਿੱਖਿਆ ਦੀ ਹਾਲਤ ਇਹ ਹੈ ਕਿ ਅਜ਼ਾਦੀ ਦੇ 59 ਸਾਲਾਂ ਬਾਅਦ ਵੀ, 80 ਪ੍ਰਤੀਸ਼ਤ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਸਕੂਲੀ ਪੜ੍ਹਾਈ ਅਧੂਰੀ ਛੱਡ ਦਿੰਦੇ ਹਨ। ਉੱਚ ਸਿੱਖਿਆ ਵਿੱਚ ਅਨੁਸੂਚਿਤ ਜਾਤੀ-ਜਨਜਾਤੀ ਲਈ ਰਾਖਵੀਆਂ 50 ਫੀਸਦੀ ਸ਼ੀਟਾਂ ਖਾਲੀ ਰਹਿ ਜਾਂਦੀਆਂ ਹਨ ਅਤੇ ਰਿਜ਼ਰਵੇਸ਼ਨ ਦੇ ਅੰਤਰਗਤ ਦਾਖਲਾ ਲੈਣ ਵਾਲੇ 25 ਫੀਸਦੀ ਵਿਦਿਆਰਥੀ ਵਿੱਚੇ ਹੀ ਪੜ੍ਹਾਈ ਛੱਡ ਦਿੰਦੇ ਹਨ। ਪੱਛੜੀਆਂ ਜਾਤੀਆਂ ਲਈ ਵੀ ਉੱਚ ਸਿੱਖਿਆ ਵਿੱਚ ਰਿਜ਼ਰਵੇਸ਼ਨ ਲਾਗੂ ਹੋਣ ਤੋਂ ਬਾਅਦ ਸਥਿਤੀ ਇਸਤੋਂ ਕੁੱਝ ਵੱਖਰੀ ਨਹੀਂ ਹੋਣੀ। ਗਰੀਬ ਘਰਾਂ ਦੇ ਨੌਜਵਾਨ, ਆਰਥਿਕ ਕਾਰਨਾਂ ਕਰਕੇ ਜਾਂ ਤਾਂ ਰਿਜ਼ਰਵੇਸ਼ਨ ਦੇ ਬਾਵਜੂਦ ਦਾਖਲਾ ਨਹੀਂ ਲੈ ਪਾਉਂਣਗੇ, ਜਾਂ ਫਿਰ ਵਿੱਚੇ ਹੀ ਪੜ੍ਹਾਈ ਛੱਡ ਦੇਣ ਲਈ ਮਜ਼ਬੂਰ ਹੋਣਗੇ। ਲਾਭ ਸਿਰਫ ਪੱਛੜੀਆਂ ਜਾਤਾਂ ਦੇ ਉਹਨਾਂ ਥੋੜ੍ਹੇ ਜਿਹੇ ਪਰਿਵਾਰਾਂ ਨੂੰ ਮਿਲੇਗਾ, ਜਿਨਾਂ ਦੀ ਆਰਥਿਕ ਸਥਿਤੀ ਧਨੀ ਜਾਂ ਖ਼ੁਸ਼ਹਾਲ ਦਰਮਿਆਨੇ ਕਿਸਾਨ ਦੀ ਹੈ ਜਾਂ ਜੋ ਖੇਤੀ ਤੋਂ ਮਿਲੇ ਮੁਨਾਫੇ ਦੇ ਸਹਾਰੇ, ਪਹਿਲਾਂ ਤੋਂ ਹੀ ਸ਼ਹਿਰੀ ਮੱਧ ਵਰਗ ਦੀਆਂ ਸਫਾਂ ਵਿੱਚ ਸ਼ਾਮਿਲ ਹੋ ਚੁੱਕੇ ਹਨ।

ਰਿਜ਼ਰਵੇਸ਼ਨ ਦੇ ਸਮਰਥਕ ਇਹਨਾਂ ਅੰਕੜਿਆਂ ਦੇ ਅਧਾਰ ’ਤੇ ਕਹਿਣਗੇ ਕਿ ਇਸ ਲਈ ਰਿਜ਼ਰਵੇਸ਼ਨ ਨੂੰ ਹੁਣ ਲੰਬੇ ਸਮੇਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਅਤੇ ਇਸਦੇ ਦਾਇਰੇ ਨੂੰ ਵੀ ਵਿਸ਼ਾਲ ਕੀਤਾ ਜਾਣਾ ਚਾਹੀਦਾ ਹੈ। ਪਰ ਸਾਡਾ ਕਹਿਣਾ ਇਹ ਹੈ ਕਿ ਇਸ ਰਫ਼ਤਾਰ ਨਾਲ਼ ਹੀ ਜੇ ਰਿਜ਼ਰਵੇਸ਼ਨ ਦਾ ਪ੍ਰਭਾਵ ਪੈਂਦਾ ਰਿਹਾ ਤਾਂ ਫਿਰ ਇੱਕ ਸਦੀ ਬਾਅਦ ਵੀ ਸਥਿਤੀ ਵਿੱਚ ਕੋਈ ਵਰਨਣਯੋਗ ਤਬਦੀਲੀ ਨਹੀਂ ਆਵੇਗੀ ਅਤੇ ਇਸਤੋਂ ਵੀ ਅਹਿਮ ਗੱਲ ਇਹ ਹੈ ਕਿ ਉਦਾਰੀਕਰਨ-ਨਿੱਜੀਕਰਨ ਦੇ ਇਸ “ਰੁਜ਼ਗਾਰ ਰਹਿਤ ਵਿਕਾਸ” ਦੇ ਦੌਰ ਵਿੱਚ ਜਦੋਂ ਸਰਕਾਰੀ ਅਤੇ ਪਬਲਿਕ ਸੈਕਟਰ ਦੀਆਂ ਨੌਕਰੀਆਂ ਲਗਾਤਾਰ ਘੱਟ ਹੁੰਦੀਆਂ ਜਾ ਰਹੀਆਂ ਹਨ (ਅਤੇ ਨਿੱਜੀ ਖੇਤਰ ਵਿੱਚ ਵੀ ਕੁੱਲ ਮਿਲਾ ਕੇ ਪੈਦਾਵਾਰ ਦੇ ਵਿਕਾਸ ਅਤੇ ਸੇਵਾ ਖੇਤਰ ਦੇ ਵਿਸਤਾਰ ਦੇ ਅਨੁਪਾਤ ਵਿੱਚ ਰੁਜ਼ਗਾਰ ਦੇ ਮੌਕੇ ਪਹਿਲਾਂ ਦੇ ਮੁਕਾਬਲੇ ਕਾਫੀ ਘੱਟ ਪੈਦਾ ਹੋ ਰਹੇ ਹਨ) ਤਾਂ ਅਜਿਹੀ ਸਥਿਤੀ ਵਿੱਚ ਰਾਖਵੀਆਂ ਨੌਕਰੀਆਂ ਦਾ ਪ੍ਰਤੀਸ਼ਤ ਜੇ ਕੁੱਝ ਵਧ ਵੀ ਜਾਵੇ ਤਾਂ ਆਮ ਦਲਿਤ ਅਤੇ ਪੱਛੜਿਆਂ ਦੀਆਂ ਜੀਵਨ ਹਾਲਤਾਂ ਵਿੱਚ ਭਲਾ ਇਸ ਨਾਲ਼ ਕੀ ਫਰਕ ਪੈਣ ਵਾਲ਼ਾ ਹੈ ? ਇੱਕ ਰੋਟੀ ਜੇ ਸੌ ਖਾਣ ਵਾਲ਼ੇ ਹੋਣ ਅਤੇ ਰੋਟੀ ਦਾ ਕੁੱਝ ਪ੍ਰਤੀਸ਼ਤ ਜਿਆਦਾ ਭੁੱਖਿਆਂ ਲਈ ਰਾਖਵਾਂ ਵੀ ਕਰ ਦਿੱਤਾ ਜਾਵੇ ਤਾਂ ਕਿਸੇ ਭੁੱਖੇ ਦੀ ਸਥਿਤੀ ਵਿੱਚ ਕੋਈ ਫਰਕ ਨਹੀਂ ਪਵੇਗਾ, ਕਿਉਂਕਿ ਭੁੱਖਿਆਂ ਦੀ ਸੰਖਿਆ ਦੀ ਤੁਲਨਾ ਵਿੱਚ ਰੋਟੀ ਹੈ ਹੀ ਬਹੁਤ ਥੋੜ੍ਹੀ ! ਅੱਜ ਰਿਜ਼ਰਵੇਸ਼ਨ ਦਾ ਪ੍ਰਤੀਸ਼ਤ ਜੇ ਵਧਾ ਵੀ ਦਿੱਤਾ ਜਾਵੇ ਅਤੇ ਇਹ ਪੂਰੀ ਤਰ੍ਹਾਂ ਲਾਗੂ ਵੀ ਹੋ ਜਾਵੇ, ਤਾਂ ਵੀ ਆਮ ਦਲਿਤਾਂ ਅਤੇ ਪੱਛੜਿਆਂ ਦੀ ਸਮਾਜਿਕ ਸਥਿਤੀ

ਵਿੱਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੋ ਸਕਦੀ। ਪੂੰਜੀਵਾਦੀ ਵਿਕਾਸ ਅਬਾਦੀ ਦਾ ਤੇਜ਼ ਗਤੀ ਨਾਲ਼ ਧਰੁਵੀਕਰਨ ਕਰ ਰਿਹਾ ਹੈ ਅਤੇ ਇਹ ਪੂੰਜੀਵਾਦ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਜੋ ਪਹਿਲਾਂ ਤੋਂ ਹੀ ਵਾਂਝੇ ਅਤੇ ਦੱਬੇ-ਕੁਚਲੇ ਹੁੰਦੇ ਹਨ, ਉਹਨਾਂ ਨੂੰ ਪ੍ਰੋਲੇਤਾਰੀ-ਅਰਧਪ੍ਰੋਲੇਤਾਰੀ ਦੀਆਂ ਸਫਾਂ ਵਿੱਚ ਸਭ ਤੋਂ ਪਹਿਲਾਂ ਸ਼ਾਮਿਲ ਕਰਦਾ ਹੈ। ਦਾਸਾਂ, ਭੂ-ਦਾਸਾਂ ਅਤੇ ਉੱਜੜੇ ਕਾਸ਼ਤਕਾਰਾਂ ਦੇ ਪੁੱਤਰ ਹੀ ਸਭ ਤੋਂ ਪਹਿਲਾਂ ਸੱਨਅਤੀ ਪ੍ਰੋਲੇਤਾਰੀ ਬਣਦੇ ਹਨ। ਭਾਰਤ ਵਿੱਚ ਵੀ ਦਲਿਤਾਂ ਨਾਲ਼ ਪੱਛੜੀਆਂ ਜਾਤਾਂ ਦੀ ਬਹੁਗਿਣਤੀ ਨਾਲ਼ ਅਜਿਹਾ ਹੀ ਹੋਇਆ। ਸਮੇਂ ਨਾਲ਼ ਇਹਨਾਂ ਵਿੱਚੋਂ, ਸਚੇਤਨ ਯਤਨਾਂ ਨਾਲ਼, ਬੁਰਜੂਆ ਰਾਜਸੱਤ੍ਹਾ ਨੇ ਇੱਕ ਬਹੁਤ ਛੋਟੀ ਮੱਧਵਰਗੀ ਜਮਾਤ ਵੀ ਪੈਦਾ ਕੀਤੀ, ਜੋ ਮੂੰਹ ਜ਼ੋਰ ਹੈ, ਜੋ ਜਾਤੀ ਦਾਬੇ ’ਤੇ ਖ਼ੂਬ ਬੋਲਦੀ ਹੈ, ਪਰ ਨਾਲ਼ ਹੀ ਆਮ ਦਲਿਤ ਅਬਾਦੀ ਅਤੇ ਆਮ ਪੱਛੜਿਆਂ ਦੀ ਅਬਾਦੀ ਨਾਲ਼ੋਂ ਉਹ ਆਪਣੇ ਆਪ ਨੂੰ ਕੱਟ ਚੁੱਕੀ ਹੈ, ਉਹ ਹਾਰਿਆ ਮਨ ਹੈ, ਸਾਪੇਖ ਤੌਰ ’ਤੇ ਵਿਸ਼ੇਸ਼ਅਧਿਕਾਰ ਪ੍ਰਾਪਤ ਅਤੇ ਐਸ਼ਪ੍ਰਸਤ ਹੈ ਅਤੇ ਹਰ ਤਰਾਂ ਦੀ ਇਨਕਲਾਬੀ ਤਬਦੀਲੀ ਦੀ ਵਿਰੋਧੀ ਅਤੇ ਘਣਘੋਰ ਸੁਧਾਰਵਾਦੀ ਹੈ। ਉਹ ਆਮ ਦਲਿਤਾਂ ਦੀ ਨੁਮਾਇੰਦਗੀ ਦਾ ਪਾਖੰਡ ਰਚਦੇ ਹੋਏ ਆਪਣੀਆਂ ਸੁਵਿਧਾਵਾਂ ਦੀ ਪੀੜ੍ਹੀ ਦਰ ਪੀੜ੍ਹੀ ਸੁਰੱਖਿਆ ਦੀ ਗਰੰਟੀ ਚਾਹੁੰਦੀ ਹੈ ਅਤੇ ਵਿਕਾਸ ਦੇ ਪੂੰਜੀਵਾਦੀ ਮਾਡਲ ਦੀ ਅੰਨੀ ਸਮੱਰਥਕ ਹੈ। ਦਲਿਤਾਂ ਅਤੇ ਪੱਛੜੀਆਂ ਜਾਤਾਂ ਵਿਚਲੀ ਇਹ ਮੱਧਵਰਗੀ ਜਮਾਤ ਰਿਜ਼ਰਵੇਸ਼ਨ ਨੂੰ ਸਮੱਸਿਆ ਦਾ ਹੱਲ ਦੱਸਦੀ ਹੈ ਤਾਂ ਕਿ ਉਸਦੀ ਸਥਿਤੀ ਸੁਰੱਖਿਅਤ ਰਹੇ ਆਮ ਵਾਂਝੇ ਦਲਿਤ ਅਤੇ ਪੱਛੜੇ ਕਿਸੇ ਚਮਤਕਾਰ ਦੀ ਆਸ ਵਿੱਚ ਹੱਥ ’ਤੇ ਹੱਥ ਧਰੀ ਬੈਠੇ ਰਹਿਣ ਜਾਂ ਫਿਰ ਬੇਨਤੀਆਂ ਕਰਦੇ ਰਹਿਣ ਅਤੇ ਵੋਟ ਬੈਂਕ ਦੀ ਪੂੰਜੀਵਾਦੀ ਰਾਜਨੀਤੀ ਦੇ ਮੋਹਰੇ ਬਣੇ ਰਹਿਣ।

ਪੂੰਜੀਵਾਦੀ ਢਾਂਚੇ ਦੇ ਰਾਖੇ ਇਹੀ ਚਾਹੁੰਦੇ ਹਨ ਪਰ ਪੂੰਜੀਵਾਦ ਦੇ ਅੰਦਰ ਹੀ ਇਸਦੀ ਇੱਕ ਵਿਰੋਧੀ ਅੰਦਰੂਨੀ ਗਤੀ ਵੀ ਹੈ। ਇੱਕ ਪਾਸੇ ਇੱਥੇ ਦਲਿਤਾਂ ਦੀ ਬਹੁਗਿਣਤੀ (ਅਤੇ ਪੱਛੜੀਆਂ ਜਾਤਾਂ ਦਾ ਵੀ ਕਾਫ਼ੀ ਵੱਡਾ ਹਿੱਸਾ) ਪੂਰੇ ਦੇਸ਼ ਦੇ ਪੈਮਾਨੇ ’ਤੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਪ੍ਰੋਲੇਤਾਰੀ ਅਰਧ-ਪ੍ਰੋਲੇਤਾਰੀ ਅਬਾਦੀ ਵਿੱਚ ਸ਼ਾਮਿਲ ਹੈ, ਉੱਥੇ ਹੀ ਪੂੰਜੀ ਦੀ ਮਾਰ ਉੱਚੀ ਜਾਤੀ ਦੇ ਇੱਕ ਵੱਡੇ ਹਿੱਸੇ ਅਤੇ ਪੱਛੜੀ ਜਾਤੀ ਦੇ ਕਿਸਾਨਾਂ ਦੇ ਵੀ ਇੱਕ ਵੱਡੇ ਹਿੱਸੇ ਨੂੰ ਲਗਾਤਾਰ ਜਗ੍ਹਾ-ਜਮੀਨ, ਨੌਕਰੀ, ਸੰਪਤੀ ਆਦਿ ਤੋਂ ਵਾਂਝੇ ਕਰਦੇ ਹੋਏ ਪ੍ਰੋਲੇਤਾਰੀ ਦੀਆਂ ਕਤਾਰਾਂ ਵਿੱਚ ਧਕਦੀ ਜਾ ਰਹੀ ਹੈ। ਸਮਾਜ ਦਾ ਅੰਤਰਵਿਰੋਧੀ ਯਥਾਰਥ ਇਹ ਹੈ ਕਿ ਇੱਕ ਪਾਸੇ ਇੱਥੇ ਜਾਤੀ ਅਧਾਰ ’ਤੇ ਕਾਇਮ ਪਾੜੇ ਅਤੇ ਭੇਦ ਨੂੰ ਕਾਇਮ ਰੱਖਣ ਵਾਲ਼ੀ ਅਤੇ ਖਾਦ-ਪਾਣੀ ਦੇਣ ਵਾਲ਼ੀਆਂ ਕਾਰਕ ਸ਼ਕਤੀਆਂ ਮੌਜੂਦ ਹਨ, ਉੱਥੇ ਦੂਜੇ ਪਾਸੇ ਇੱਕ ਵਿਰੋਧੀ ਗਤੀ ਰਸਾਤਲੀ ਜੀਵਨ ਜਿਉਣ ਵਾਲ਼ੇ ਉਜ਼ਰਤੀ ਗੁਲਾਮਾਂ (ਮੁੱਖ ਤੌਰ ’ਤੇ ਸੱਨਅਤੀ ਪ੍ਰੋਲੇਤਾਰੀਆਂ) ਦੀ ਲਗਾਤਾਰ ਵਧਦੀ ਅਬਾਦੀ ਵਿੱਚ ਜਾਤੀ ਵਿਭੇਦਾਂ ਨੂੰ ਤੋੜਕੇ ਏਕਤਾ ਬਣਾਉਣ ਦਾ

ਇੱਕ ਬਾਹਰਮੁਖੀ ਅਧਾਰ ਵੀ ਤਿਆਰ ਕਰ ਰਹੀ ਹੈ, ਜੋ ਪੂੰਜੀ ਦੀ ਸਰਵਪੱਖੀ ਮਾਰ ਦਾ ਵਿਰੋਧ ਕਰਦੇ ਹੋਏ, ਵੱਧ ਤੋਂ ਵੱਧ ਉਹਨਾਂ ਦੀ ਹੋਂਦ ਦੀ ਸ਼ਰਤ ਬਣਦੀ ਜਾ ਰਹੀ ਹੈ। ਜਾਹਿਰ ਹੈ ਕਿ ਪੂੰਜੀਵਾਦੀ ਵਿਵਸਥਾ ਦੇ ਭਾੜੇ ਦੇ ਟੱਟੂ ਆਮ ਕਿਰਤੀਆਂ ਵਿਚਲੇ ਜਾਤੀਗਤ ਵਿਭੇਦਾਂ ਨੂੰ ਵਧਾਉਣ ਵਾਲ਼ੇ ਅੰਤਰਮੁਖੀ ਕਾਰਕਾਂ ਨੂੰ ਹੱਲਾਸ਼ੇਰੀ ਦੇਣਗੇ, ਜਦੋਂ ਕਿ ਪੂੰਜੀਵਾਦ-ਵਿਰੋਧੀ ਇਨਕਲਾਬੀ ਧਾਰਾ ਦਾ ਫਰਜ ਇਹ ਹੋਣਾ ਚਾਹੀਦਾ ਹੈ ਕਿ ਉਹ ਕਿਰਤੀ ਲੋਕਾਂ ਵਿੱਚ ਜਾਤੀ ਅਧਾਰ ’ਤੇ ਕਾਇਮ ਭੇਦਾਂ ਨੂੰ ਦੂਰ ਕਰਨ ਵਾਲ਼ੇ ਅਤੇ ਉਹਨਾਂ ਨੂੰ ਵਧਾਉਣ ਦੀ ਹਰ ਸ਼ਾਜਿਸ਼ ਨੂੰ ਨਾਕਾਮ ਕਰਨ ਵਾਲ਼ੇ ਮਨੋਗਤ ਕਾਰਕਾਂ ਨੂੰ ਬਲ ਪ੍ਰਦਾਨ ਕਰਨ। ਪੂੰਜੀਵਾਦ ਭਾਰਤ ਵਿੱਚ ਸ਼ਹਿਰੀਕਰਨ ਅਤੇ ਉਦਯੋਗੀਕਰਨ ਦੀ ਪ੍ਰਕਿਰਿਆ ਨੂੰ ਲਗਾਤਾਰ ਤੇਜ਼ ਗਤੀ ਨਾਲ਼ ਅੱਗੇ ਵਧਾ ਰਿਹਾ ਹੈ ਅਤੇ ਨਾਲ਼ ਹੀ ਪ੍ਰੋਲੇਤਾਰੀਕਰਨ ਦੀ ਪ੍ਰਕਿਰਿਆ ਅਤੇ ਪੂੰਜੀ ਅਤੇ ਕਿਰਤ ਵਿਚਲੀ ਵਿਰੋਧਤਾਈ ਨੂੰ ਵੀ। ਇਸ ਨਵੀਂ ਪ੍ਰੋਲੇਤਾਰੀ ਅਬਾਦੀ ਨੂੰ ਜਾਤੀਗਤ ਵਖਰੇਵੇਂ ਮਿਟਾਕੇ ਜਮਾਤੀ ਅਧਾਰ ’ਤੇ ਇੱਕ ਜੁਟ ਕਰਨਾ ਸਾਪੇਖਿਕ ਤੌਰ ’ਤੇ ਅਸਾਨ ਹੋਵੇਗਾ ਅਤੇ ਇਹੀ ਸਾਡਾ ਸਭ ਤੋਂ ਵੱਡਾ ਉਦੇਸ਼ ਹੋਣਾ ਚਾਹੀਦਾ ਹੈ, ਕਿਉਂਕਿ ਤਾਂ ਹੀ ਅਸੀਂ ਇੱਕ ਅਜਿਹੇ ਫੈਸਲਾਕੁੰਨ ਘੋਲ਼ ਦੀ ਦਿਸ਼ਾ ਵਿੱਚ ਅੱਗੇ ਵਧ ਸਕਾਂਗੇ ਜੋ ਇੱਕ ਅਜਿਹੇ ਸਮਾਜ ਦਾ ਨਿਰਮਾਣ ਕਰੇਗਾ ਜੋ ਜਮਾਤੀ ਵਖਰੇਵਿਆਂ ਦੇ ਨਾਲ਼ ਹੀ ਜਾਤੀ ਵਖਰੇਵਿਆਂ, ਲਿੰਗ ਵਖਰੇਵਿਆਂ ਆਦਿ ਸਾਰੇ ਪਾੜਿਆਂ ਦੇ ਖਾਤਮੇ ਦਾ ਫੈਸਲਾਕੁੰਨ ਸਿਲਸਿਲਾ ਸ਼ੁਰੂ ਕਰੇਗਾ। ਇਹ ਐਵੇਂ ਹੀ ਨਹੀਂ ਹੈ ਕਿ ਰਿਜ਼ਰਵੇਸ਼ਨ ਦੀ ਬਹਿਸ ਸਭ ਤੋਂ ਵੱਧ ਮੱਧਵਰਗੀ ਜਮਾਤਾਂ ਵਿੱਚ ਅਤੇ ਵਿਸ਼ੇਸ਼ ਕਰਕੇ ਸ਼ਹਿਰੀ ਮੱਧਵਰਗੀ ਜਮਾਤਾਂ ਵਿੱਚ ਭਖਦੀ ਹੈ, ਸ਼ਹਿਰੀ ਪ੍ਰੋਲੇਤਾਰੀਆਂ ਵਿੱਚ ਨਹੀਂ। ਪਿੰਡਾਂ ਵਿੱਚ ਜੋ ਦਲਿਤ ਅਤੇ ਗਰੀਬ ਪੱਛੜੀਆਂ ਜਾਤੀਆਂ ਹਨ, ਉਹ ਜਾਂ ਤਾਂ ਆਰਥਿਕ ਸ਼ੋਸ਼ਣ ਨਾਲ਼ ਬਰਬਰ ਸਮਾਜਿਕ ਦਾਬੇ ਝੱਲਦੀਆਂ ਹੋਈਆਂ ਵੋਟ ਬੈਂਕ ਦੀ ਰਾਜਨੀਤੀ ਦਾ ਮੋਹਰਾ ਬਣੀ ਰਹਿੰਦੀਆਂ ਹਨ, ਜਾਂ ਫਿਰ ਇੱਕਜੁਟ ਹੋਕੇ ਇਨਕਲਾਬੀ ਢੰਗ ਨਾਲ਼ ਲੜਦੀਆਂ ਹਨ ਅਤੇ ਨਤੀਜੇ ਦੇ ਤੌਰ ’ਤੇ ਇੱਕ ਹੱਦ ਤੱਕ ਇੱਜ਼ਤ-ਮਾਣ ਨਾਲ਼ ਜਿਉਣ ਦਾ ਹੱਕ ਵੀ ਹਾਸਿਲ ਕਰ ਲੈਂਦੀਆਂ ਹਨ। ਇਸ ਨਾਲ਼ ਸਪੱਸ਼ਟ ਹੋ ਜਾਂਦਾ ਹੈ ਕਿ ਇੱਕ ਪਾਸੇ ਇੱਥੇ ਜਮਾਤੀ ਅਧਾਰ ’ਤੇ ਸੰਘਰਸ਼ ਨੂੰ ਜਥੇਬੰਦ ਕਰਨ ਲਈ ਆਮ ਲੋਕਾਂ ਵਿੱਚ ਜੜ੍ਹ ਜਮਾਈ ਬੈਠੀ ਜਾਤੀਵਾਦੀ ਮਾਨਸਿਕਤਾ ਅਤੇ ਸੱਭਿਆਚਾਰ ਨੂੰ ਖਤਮ ਕਰਨ ਲਈ ਲਗਾਤਾਰ ਯਤਨ ਕਰਨਾ ਹੋਵੇਗਾ, ਉੱਥੇ ਜਮਾਤੀ ਅਧਾਰ ’ਤੇ ਜਥੇਬੰਦ ਲੋਕਸੰਘਰਸ਼ ਦੀ ਸਫ਼ਲਤਾ ਹੀ ਜਾਤੀਗਤ ਵਖਰੇਵੇਂ ਦੇ ਨਿਰਣਾਇਕ ਖਾਤਮੇ ਦੀ ਪਹਿਲੀ ਗਰੰਟੀ ਹੋ ਸਕਦੀ ਹੈ। ਇਸ ਇਤਿਹਾਸਕ ਵਿਗਿਆਨਕ ਸੂਤਰ ਨੂੰ ਫੜਕੇ ਹੀ ਰਿਜ਼ਰਵੇਸ਼ਨ ਦੇ ਸਵਾਲ ਨੂੰ ਸਹੀ ਢੰਗ ਨਾਲ਼ ਸਮਝਿਆ ਜਾ ਸਕਦਾ ਹੈ ਅਤੇ ਸਹੀ ਢੰਗ ਅਪਣਾਇਆ ਜਾ ਸਕਦਾ ਹੈ।

ਰਿਜ਼ਰਵੇਸ਼ਨ ਦੀ ਮੰਗ ਜੇ ਇਨਕਲਾਬੀ ਘੋਲ਼ ਦੀ ਲੰਬੀ ਪ੍ਰਕਿਰਿਆ ਦੌਰਾਨ, ਸੁਧਾਰ ਦੀ

ਇੱਕ ਮੰਗ ਹੁੰਦੀ ਤਾਂ ਬੇਸ਼ੱਕ ਅਸੀਂ ਇਸ 'ਤੇ ਸਵਾਲ ਨਾ ਉਠਾਉਂਦੇ। ਸੋਲਾਂ ਆਨੇ ਦੀ ਲੜਾਈ ਦੇ ਫੈਸਲਾਕੁੰਨ ਦੌਰ ਤੋਂ ਪਹਿਲਾਂ, ਅਜਿਹੇ ਵੀ ਦੌਰ ਆਉਂਦੇ ਹਨ ਜਦੋਂ ਦੋ ਆਨੇ ਦੀ ਲੜਾਈ ਜਿੱਤ ਕੇ ਹਾਸਿਲ ਨੂੰ ਹੱਥ 'ਚ ਕਰ ਲਿਆ ਜਾਂਦਾ ਹੈ ਅਤੇ ਫਿਰ ਅੱਗੇ ਦੀ ਤਿਆਰੀ ਕੀਤੀ ਜਾਂਦੀ ਹੈ। ਪਰ ਦੋ-ਦੋ ਆਨੇ ਕਰਕੇ ਸੋਲਾਂ ਆਨੇ ਹਾਸਿਲ ਕਰਨ ਦੀ ਸੋਚ ਇੱਕ ਸੁਧਾਰਵਾਦੀ ਸੋਚ ਹੁੰਦੀ ਹੈ, ਜੋ ਮੌਜੂਦਾ ਪ੍ਰਬੰਧ ਨੂੰ ਕਮਜ਼ੋਰ ਕਰਨ ਦੀ ਬਜਾਇ ਮਜ਼ਬੂਤ ਬਣਾਉਂਦੀ ਹੈ ਅਤੇ ਲੋਕਾਂ ਦੀਆਂ ਸਫਾਂ ਵਿੱਚ ਦਰਾਰਾਂ ਪੈਦਾ ਕਰਦੀ ਹੈ। ਰਿਜ਼ਰਵੇਸ਼ਨ ਦੀ ਮੰਗ ਇੱਕ ਅਜਿਹੀ ਹੀ ਭਿਅੰਕਰ ਭਰਮ ਪੈਦਾ ਕਰਨ ਵਾਲ਼ੀ ਸੁਧਾਰਵਾਦੀ ਮੰਗ ਹੈ। ਇਹ ਦਲਿਤਵਾਦੀ ਰਾਜਨੀਤੀ ਦੀਆਂ ਉਨ੍ਹਾਂ ਤਮਾਮ ਧਾਰਾਵਾਂ ਦੇ ਚਾਰਟਰਾਂ ਦਾ ਸਾਂਝਾ ਮੁੱਦਾ ਹੈ, ਜੋ ਇਸ ਪੂੰਜੀਵਾਦੀ ਲੁੱਟ-ਮਾਰ ਦੇ ਪ੍ਰਬੰਧ ਦੇ ਦਾਇਰੇ ਅੰਦਰ ਹੀ ਜਾਤੀ ਸਵਾਲ ਦਾ ਹੱਲ ਚਾਹੁੰਦੀ ਹੈ। ਰਿਜ਼ਰਵੇਸ਼ਨ ਨਾਲ਼ ਜੇ ਆਮ ਦਲਿਤ ਅਤੇ ਪੱਛੜੀਆਂ ਜਾਤੀਆਂ ਦੀ ਬਹੁ ਗਿਣਤੀ ਅਬਾਦੀ ਦੀ ਅਸਲੀ ਸਥਿਤੀ ਵਿੱਚ ਕੋਈ ਬਦਲਾਅ ਆਉਂਦਾ, ਤਾਂ ਇਸ ਸੁਧਾਰ ਨੂੰ ਪ੍ਰਵਾਨ ਕਰਦੇ ਹੋਏ ਇੱਕ ਨਵੀਂ ਸਮਾਜਿਕ ਪ੍ਰਬੰਧ ਲਈ ਸੰਘਰਸ਼ ਦੀ ਦਿਸ਼ਾ ਵਿੱਚ ਅੱਗੇ ਵਧਣਾ ਹੀ ਉਚਿਤ ਕਦਮ ਹੁੰਦਾ। ਪਰ ਅਸਲੀਅਤ ਇਸਦੇ ਉਲਟ ਹੈ। ਰਿਜ਼ਰਵੇਸ਼ਨ ਸੁਧਾਰ ਦੀ ਮੰਗ ਨਹੀਂ ਸਗੋਂ ਸੁਧਾਰਵਾਦੀ ਮੰਗ ਹੈ। ਇਹ ਆਮ ਦੱਬੀਆਂ ਕੁਚਲੀਆਂ ਜਾਤਾਂ ਦੀ ਜਨਤਾ ਦੇ ਹਿੱਤਾਂ ਦੀ ਦੁਹਾਈ ਦਿੰਦੀ ਹੈ, ਉਹਨਾਂ ਦੇ ਇੱਕ ਬਹੁਤ ਛੋਟੇ ਜਿਹੇ (ਲਗਭਗ ਨਾਮਾਤਰ) ਹਿੱਸੇ ਨੂੰ ਮਲਾਈ ਚਟਾਕੇ ਸੁਆਮੀਭਗਤ ਅਤੇ ਸੱਤ੍ਹਾ ਦੇ ਚਾਕਰ ਬਣਾਉਂਦੀ ਹੈ, ਜਦੋਂਕਿ ਦੂਜੇ ਪਾਸੇ ਜਾਤੀ ਅਧਾਰ 'ਤੇ ਕਿਰਤੀ ਅਬਾਦੀ ਨੂੰ ਅਤੇ ਆਮ ਮੱਧਵਰਗੀ ਅਬਾਦੀ ਨੂੰ ਵੰਡ ਦਿੰਦੀ ਹੈ ਅਤੇ ਸਮੱਸਿਆ ਦੀ ਮੂਲ ਜੜ੍ਹ ਅਤੇ ਮੂਲ ਹੱਲ ਨੂੰ ਅੱਖਾਂ ਤੋਂ ਉਹਲੇ ਕਰ ਦਿੰਦੀ ਹੈ। ਇਹ ਜਾਤੀ-ਪ੍ਰਸ਼ਨ ਦੇ ਨਿਰਣਾਇਕ ਹੱਲ ਦੀ ਦਿਸ਼ਾ ਵਿੱਚ ਜਾਰੀ ਯਾਤਰਾ ਨੂੰ ਅੱਗੇ ਵਧਾਉਣ ਦੀ ਬਜਾਇ ਭਰਮ ਪੈਦਾ ਕਰਦੀ ਹੈ ਅਤੇ ਰਸਤੇ ਤੋਂ ਭਟਕਾ ਦਿੰਦੀ ਹੈ। ਇਸ ਲਈ, ਆਪਣੇ ਜਾਤੀਵਾਦੀ ਤੁਅੱਸਬਾਂ ਦੇ ਬਾਵਜੂਦ ਸਾਰੇ ਪੂੰਜੀਵਾਦੀ ਸਿਧਾਂਤਕਾਰ, ਰਾਜਨੀਤੀਵਾਨ ਅਤੇ ਪਾਰਟੀਆਂ ਰਿਜ਼ਰਵੇਸ਼ਨ ਦੇ ਸਵਾਲ 'ਤੇ ਸਹਿਮਤ ਹੋ ਜਾਦੀਆਂ ਹਨ। ਇਸ ਸ਼ੋਸ਼ੇ ਦੇ ਉਛਲਦੇ ਹੀ, ਉੱਚ ਜਾਤੀ ਮਾਨਸਿਕਤਾ ਦੇ ਦਬਦਬੇ ਵਾਲ਼ਾ ਮੀਡੀਆ ਅਤੇ ਸਿੱਖਿਅਤ ਮੱਧਵਰਗ ਦਲਿਤ ਅਤੇ ਪੱਛੜੀਆਂ ਜਾਤਾਂ ਵਿਰੁੱਧ ਜ਼ਹਿਰ ਉਗਲਣੀ ਸ਼ੁਰੂ ਕਰ ਦਿੰਦਾ ਹੈ ਅਤੇ ਪੂਰੇ ਸਮਾਜ ਵਿੱਚ ਜਾਤੀ ਭੇਦ ਅਤੇ ਛੂਆ-ਛੂਤ ਦੇ ਸੱਭਿਆਚਾਰ ਨੂੰ ਇੱਕ ਨਵੀਂ ਤਾਕਤ ਮਿਲ ਜਾਂਦੀ ਹੈ। ਰਿਜ਼ਰਵੇਸ਼ਨ ਦੇ ਸਮਰਥਨ ਅਤੇ ਵਿਰੋਧ ਦੀਆਂ ਰਾਜਨੀਤੀਆਂ ਇੱਕੋ ਉਦੇਸ਼ ਦੀ ਪੂਰਤੀ ਕਰਦੀਆਂ ਹਨ। ਉਹ ਭਰਮਪੂਰਨ ਅਤੇ ਮਿੱਥ ਪੈਦਾ ਕਰਦੀਆਂ ਹੋਈਆਂ ਆਮ ਅਬਾਦੀ ਦੀ ਸਦੀਆਂ ਪੁਰਾਣੀ ਜਾਤੀ ਵੰਡ ਨੂੰ ਮਜ਼ਬੂਤ ਬਣਾਕੇ ਉਹਨਾਂ ਦੀ ਜਮਾਤੀ ਏਕਤਾ ਕਾਇਮ ਕਰਨ ਦੇ ਸਾਧਨਾਂ ਨੂੰ ਕਮਜ਼ੋਰ ਬਣਾ ਦਿੰਦੀਆਂ ਹਨ। ਇਸ ਲਈ, ਮਹਿਜ ਪ੍ਰਤੀਕਿਰਿਆ ਵਜੋਂ, ਤੱਥਾਂ ਦੀ ਅਣਦੇਖੀ ਕਰਦੇ

ਹੋਏ, ਰਿਜ਼ਰਵੇਸ਼ਨ ਦਾ ਸਮਰਥਨ ਕਰਨ ਵਾਲ਼ਿਆਂ ਨੂੰ ਵੀ ਸੋਚਣਾ ਹੀ ਹੋਵੇਗਾ ਕਿ ਇਸ ਨਾਲ਼ ਉਹਨਾਂ ਨੂੰ ਅਸਲ ਵਿੱਚ ਭਲਾ ਕੀ ਹਾਸਿਲ ਹੋਣ ਵਾਲ਼ਾ ਹੈ!

ਮੰਨ ਲਓ ਕਿ ਤੁਸੀਂ ਕਿਸੇ ਬਸ ਸਟੈਂਡ ’ਤੇ ਖੜ੍ਹੇ ਹੋ ਅਤੇ ਲਗਾਤਾਰ ਕਈ ਭਰੀਆਂ ਬੱਸਾਂ ਲੰਘ ਜਾਣ ਤੋਂ ਬਾਅਦ ਤੁਸੀਂ ਮੁਸ਼ਕਿਲ ਨਾਲ਼ ਕਿਸੇ ਬੱਸ ਵਿੱਚ ਲਟਕ ਪਾਉਂਦੇ ਹੋ ਜਾਂ ਘੁਸ ਕੇ ਪੈਰ ਟਿਕਾ ਪਾਉਂਦੇ ਹੋ ਤਾਂ ਤੁਸੀਂ ਅਕਸਰ ਪਹਿਲਾਂ ਤੋਂ ਬੈਠੇ ਮੁਸਾਫਿਰਾਂ ਨਾਲ਼ ਗੁੱਸੇ ਹੁੰਦੇ ਹੋ ਅਤੇ ਜੋ ਪਹਿਲਾਂ ਤੋਂ ਬੈਠੇ ਹੁੰਦੇ ਹਨ ਉਹਨਾਂ ਦਾ ਵੀ ਰਵੱਈਆ ਤੁਹਾਡੇ ਪ੍ਰਤੀ ਨਿਹਾਇਤ ਬੇਰੁਖੀ ਦਾ ਹੁੰਦਾ ਹੈ। ਤੁਹਾਡਾ ਗੁੱਸਾ ਘਟੀਆ ਟਰਾਂਸਪੋਰਟ ਦੇ ਪ੍ਰਬੰਧ ਅਤੇ ਬੱਸਾਂ ਦੀ ਸੰਖਿਆ ਦੀ ਕਮੀ ’ਤੇ ਕੇਂਦਰਿਤ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਬੈਠੇ ਹੋਏ ਮੁਸਾਫਿਰਾਂ ਨੂੰ ਵੀ ਨਾਲ਼ ਲੈਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ, ਪਰ ਅਮਲ ਵਿੱਚ ਅਕਸਰ ਅਜਿਹਾ ਨਹੀਂ ਹੁੰਦਾ। ਇੱਕ ਰਾਜਨੀਤਕ ਸਮਾਜਿਕ ਢਾਂਚੇ ਵਿੱਚ ਵੀ ਅਕਸਰ ਅਜਿਹਾ ਹੀ ਹੁੰਦਾ ਹੈ ਅਤੇ ਸਿੱਖਿਆ ਅਤੇ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਦੇ ਸਵਾਲ ’ਤੇ ਵੀ ਅਜਿਹਾ ਹੀ ਹੋ ਰਿਹਾ ਹੈ। ਲੜਾਈ ਇੱਕ ਅਜਿਹੇ ਪ੍ਰਬੰਧ ਲਈ ਹੋਣੀ ਚਾਹੀਦੀ ਹੈ ਜਿਸ ਵਿੱਚ ਹਰੇਕ ਲਈ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਹੋਵੇ ਅਤੇ ਸਭ ਲਈ ਨੌਕਰੀਆਂ ਦੇ ਇੱਕੋ ਜਿਹੇ ਮੌਕੇ ਹੋਣ। ਆਰਥਿਕ ਵਿਸ਼ਲੇਸ਼ਣ ਦਸਦਾ ਹੈ ਕਿ ਪੈਦਾਵਾਰ ਜੇ ਕੁੱਝ ਲੋਕਾਂ ਦੇ ਮੁਨਾਫੇ ਲਈ ਨਾ ਹੋ ਕੇ ਸਮਾਜਿਕ ਉਪਯੋਗਤਾ ਲਈ ਹੋਵੇ ਤਾਂ ਅਜਿਹਾ ਸੰਭਵ ਹੋ ਸਕਦਾ ਹੈ। ਵੀਹਵੀਂ ਸਦੀ ਵਿੱਚ ਸਮਾਜਵਾਦੀ ਇਨਕਲਾਬਾਂ ਦੇ ਪਹਿਲੇ ਸੰਸਕਰਣ ਭਾਵੇਂ ਹਾਰ ਹੀ ਗਏ ਹੋਣ ਪਰ ਉਹਨਾਂ ਨੇ ਇਸ ਨੂੰ ਸੰਭਵ ਕਰ ਦਿਖਾਇਆ ਸੀ। ਅੱਜ ਪੈਦਾਵਾਰੀ ਤਾਕਤਾਂ ਦੇ ਵਧੇਰੇ ਵਿਕਾਸ ਦੇ ਬਾਵਜੂਦ ਪੂੰਜੀਵਾਦ ਆਮ ਅਬਾਦੀ ’ਤੇ ਜੋ ਕਹਿਰ ਢਾਹ ਰਿਹਾ ਹੈ, ਉਸਨੂੰ ਦੇਖਦੇ ਹੋਏ ਇੱਕ ਵਾਰ ਫਿਰ ਪ੍ਰੋਲੇਤਾਰੀ ਇਨਕਲਾਬਾਂ ਦੇ ਨਵੇਂ ਸੰਸਕਰਣ ਜ਼ਰੂਰੀ ਪ੍ਰਤੀਤ ਹੋਣ ਲੱਗੇ ਹਨ। ਇਹ ਨਵੇਂ ਇਨਕਲਾਬ ਜਦੋਂ ਪੈਦਾਵਾਰ, ਰਾਜ-ਕਾਜ ਅਤੇ ਸਮਾਜ ਦੇ ਢਾਂਚੇ ’ਤੇ ਪੈਦਾ ਕਰਨ ਵਾਲ਼ੇ ਲੋਕਾਂ ਦਾ ਕੰਟਰੋਲ ਕਾਇਮ ਕਰਨਗੇ ਅਤੇ ਉਹਨਾਂ ਦੇ ਹੱਥਾਂ ਵਿੱਚ ਫੈਸਲੇ ਦੀ ਤਾਕਤ ਦੇਣਗੇ, ਤਾਂ ਫਿਰ ਸਭ ਨੂੰ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਮਿਲ ਸਕੇਗੀ। ਰਿਜ਼ਰਵੇਸ਼ਨ ਦੀ ਮੰਗ ਜੇ ‘ਸਾਰਿਆਂ ਨੂੰ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਅਤੇ ਸਭ ਲਈ ਰੁਜ਼ਗਾਰ’ ਦੀ ਲੜਾਈ ਦੀ ਇੱਕ ਕੜੀ ਹੁੰਦੀ ਜਾਂ ਇਸਨੂੰ ਅੱਗੇ ਵਧਾਉਣ ਵਿੱਚ ਸਹਾਇਕ ਹੁੰਦੀ, ਤਾਂ ਬੇਸ਼ੱਕ ਇਸਦਾ ਸਮਰਥਨ ਕੀਤਾ ਜਾ ਸਕਦਾ ਸੀ। ਪਰ ਇੱਕ ਤਾਂ ਇਸ ਨਾਲ਼ ਆਮ ਦਲਿਤ ਜਾਂ ਪੱਛੜਿਆਂ ਨੂੰ ਮਿਲਦਾ ਕੁੱਝ ਵੀ ਨਹੀਂ, ਦੂਜਾ ਇਹ ਆਖਰੀ ਹੱਲ ਲੱਭਣ ਵਾਲ਼ੇ ਘੋਲ਼ ਲਈ ਜੁੜਦੀਆਂ ਨੌਜਵਾਨ ਸਫ਼ਾਂ ਨੂੰ ਹੀ ਜਾਤੀਗਤ ਅਧਾਰ ’ਤੇ ਵੰਡ ਦਿੰਦੀ ਹੈ। ਇਸ ਤਰਾਂ ਸਮਾਜਿਕ ਨਿਆਂ ਦਾ ਭਰਮਾਊ ਨਾਹਰਾ ਦਿੰਦੇ ਹੋਏ ਰਿਜ਼ਰਵੇਸ਼ਨ ਦਾ ਮੁੱਦਾ ਉਸ ਪੂੰਜੀਵਾਦੀ ਪ੍ਰਬੰਧ ਦੀਆਂ ਜੜ੍ਹਾਂ ਨੂੰ ਹੀ ਮਜ਼ਬੂਤ ਬਣਾਉਂਦਾ ਹੈ, ਜਿਸਦੇ ਰਹਿੰਦੇ ਹੋਏ ਜਾਤੀਵਾਦ ਦਾ ਖਾਤਮਾ ਸੰਭਵ ਹੀ ਨਹੀਂ ਹੈ।

ਰਿਜ਼ਰਵੇਸ਼ਨ ਦੇ ਪੱਖ ਵਿੱਚ ਤਰਕ ਦਿੰਦੇ ਹੋਏ ਦਲਿਤ ਆਗੂ ਉਦਿਤ ਰਾਜ ਲਿਖਦੇ ਹਨ: *"ਸਧਾਰਨ ਸਕੂਲਾਂ ਵਿੱਚ ਪੜ੍ਹਨ ਵਾਲ਼ੇ ਜਿਨ੍ਹਾਂ ਬੱਚਿਆਂ ਦੇ ਮਾਂ-ਬਾਪ ਪੜ੍ਹੇ ਲਿਖੇ ਨਹੀਂ ਹਨ ਅਤੇ ਬੱਚਾ ਸਕੂਲ ਤੋਂ ਬਾਅਦ ਘਰ ਦੇ ਕੰਮ ਕਾਜ ਵਿੱਚ ਹੱਥ ਵਟਾਉਂਦਾ ਹੈ, ਜੇ ਉਹ ਕੁੱਝ ਅੰਕਾਂ ਦੀ ਛੂਟ ਮੰਗਦਾ ਵੀ ਹੈ ਤਾਂ ਇਸ ਵਿੱਚ ਕਿਹੜੀ ਬੁਰਾਈ ਹੈ ? ਜੋ ਮਾਪਦੰਡ ਪੱਛੜਿਆਂ ਅਤੇ ਦਲਿਤਾਂ ਲਈ ਤੈਅ ਕੀਤਾ ਜਾ ਰਿਹਾ ਹੈ, ਜੇ ਯੂਰਪ ਅਤੇ ਅਮਰੀਕਾ ਉਥੇ ਭਾਰਤ ਲਈ ਤੈਅ ਕਰਨ ਲੱਗਣ ਤਾਂ ਕੀ ਉਹ ਆਪਣੀ ਖੋਜ ਜਾਂ ਤਕਨੀਕ ਦੀ ਵਰਤੋਂ ਕਰਨ ਦੇਣਗੇ ? ਕਿਹੜੀ ਮੌਲਿਕ ਖੋਜ ਜਾਂ ਪ੍ਰਯੋਗ ਭਾਰਤ ਵਿੱਚ ਹੋਏ, ਜਿਸਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਮਾਣ ਕੀਤਾ ਜਾ ਸਕੇ ? ਗੱਲ ਕੁੱਲ ਮਿਲਾ ਕੇ ਸਵਾਰਥ ਦੀ ਹੈ ਕਿ ਕੁਲੀਨ ਵਰਗ ਦੇ ਕੁੱਝ ਹੀ ਲੋਕ ਇਹਨਾਂ ਸੰਸਥਾਵਾਂ ਦਾ ਫਾਇਦਾ ਉਠਾਉਣਾ ਚਾਹੁੰਦੇ ਹਨ ਅਤੇ ਇਸ ਨਾਲ਼ ਗਰੀਬ ਜਾਂ ਆਮ ਸਵਰਨ ਪ੍ਰਭਾਵਿਤ ਨਹੀਂ ਹੁੰਦਾ।"* (ਜਨਸੱਤ੍ਹਾ, 2 ਜੂਨ, 2006) ਉਦਿਤ ਰਾਜ ਦੀ ਇਸ ਤਰਕ ਪ੍ਰਣਾਲ਼ੀ ਦੀ ਪੜਤਾਲ਼ ਦੇ ਜਰੀਏ ਹੀ ਰਿਜ਼ਰਵੇਸ਼ਨਿਸਟ ਰਾਜਨੀਤੀ ਦੇ ਜਮਾਤੀ ਚਰਿੱਤਰ ਨੂੰ ਅਸਾਨੀ ਨਾਲ਼ ਸਮਝਾਇਆ ਜਾ ਸਕਦਾ ਹੈ। ਪਹਿਲੀ ਗੱਲ ਤਾਂ ਇਹ ਕਿ ਰਿਜ਼ਰਵੇਸ਼ਨ ਦੇ ਨਾਮ 'ਤੇ ਮਿਲਣ ਵਾਲ਼ੀ ਛੋਟ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੀ ਅਸਲ ਵਿੱਚ ਅਨਪੜ੍ਹ ਦਲਿਤ ਮਾਂ-ਬਾਪ ਦੇ ਉਹਨਾਂ ਬੱਚਿਆਂ ਤੱਕ ਪਹੁੰਚ ਪਾਉਂਦਾ ਹੈ ਜੋ ਸਕੂਲ ਤੋਂ ਬਾਅਦ ਘਰ ਦੇ ਕੰਮ ਧੰਦੇ ਵਿੱਚ ਮਾਂ-ਬਾਪ ਦਾ ਹੱਥ ਵਟਾਉਂਦੇ ਹਨ। ਦੂਜੀ ਗੱਲ ਇਹ ਹੈ ਕਿ ਰਿਜ਼ਰਵੇਸ਼ਨ ਦੀ ਇਸ ਛੋਟ ਦਾ ਲਾਭ ਪੂਰੀ ਤਰਾਂ ਅਜਿਹੇ ਬੱਚਿਆਂ ਤੱਕ ਪਹੁੰਚ ਵੀ ਜਾਵੇ ਤਾਂ ਇਹਨਾਂ ਬੱਚਿਆਂ ਦੀ ਸੰਖਿਆ ਦੇ ਅਨੁਪਾਤ ਵਿੱਚ ਇਸ ਛੋਟ ਦੀ ਮਾਤਰਾ ਬਹੁਤ ਘਟ ਪਵੇਗੀ। ਤੀਜੀ ਗੱਲ ਇਹ ਹੈ ਕਿ ਜਦੋਂ ਉਦਿਤ ਰਾਜ ਆਪ ਮੰਨਦੇ ਹਨ ਕਿ ਨੌਕਰੀਆਂ ਤੇ ਹੋਰ ਵਿਸ਼ੇਸ਼ਅਧਿਕਾਰਾਂ ਦੇ ਲਾਭ ਨਾਲ਼ ਗਰੀਬ ਤੇ ਆਮ ਸਵਰਨ ਵਾਂਝੇ ਹੁੰਦੇ ਹਨ ਤਾਂ ਫਿਰ ਕੀ ਰਿਜ਼ਰਵੇਸ਼ਨ ਦਾ ਨਾਹਰਾ ਇਨਾਂ ਗਰੀਬਾਂ ਨੂੰ, ਦਲਿਤ ਤੇ ਪੱਛੜੀਆਂ ਜਾਤਾਂ ਦੇ ਗਰੀਬਾਂ ਤੋਂ ਹੋਰ ਦੂਰ ਕਰਨ ਦਾ ਕੰਮ ਨਹੀਂ ਕਰਦਾ ? ਗਰੀਬ ਸਵਰਨਾਂ ਨੂੰ ਨਾਲ਼ ਲੈਣ ਲਈ ਉਹਨਾਂ ਕੋਲ਼ ਕੀ ਪ੍ਰੋਗਰਾਮ ਹੈ ? ਕੋਈ ਕਹਿ ਸਕਦਾ ਹੈ ਕਿ ਇਸਦਾ ਹੱਲ ਹੈ ਕਿ ਆਰਥਿਕ ਅਧਾਰ 'ਤੇ ਵੀ ਰਿਜ਼ਰਵੇਸ਼ਨ ਦਿੱਤੀ ਜਾਵੇ। ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰੀ ਦਫ਼ਤਰਾਂ ਤੋਂ ਹਰ ਪ੍ਰਭਾਵੀ ਆਦਮੀ ਘੱਟ ਆਮਦਨ ਦਾ ਨਕਲੀ ਪ੍ਰਮਾਣਪੱਤਰ ਬਣਵਾ ਲਵੇਗਾ ਪਰ ਬਹੁਤ ਘੱਟ ਆਮ ਗਰੀਬ ਹੀ ਇਸਦਾ ਲਾਭ ਲੈਣ ਵਿੱਚ ਸਫਲ ਹੋ ਸਕਣਗੇ ਅਤੇ ਫਿਰ ਇੱਥੇ ਵੀ ਸਵਾਲ ਉਹੀ ਹੈ ਕਿ ਜਦੋਂ ਨੌਕਰੀਆਂ ਹਨ ਹੀ ਨਹੀਂ ਤਾਂ ਉਸ ਆਮਦਨ ਪ੍ਰਮਾਣਪੱਤਰ ਨਾਲ਼ ਵੀ ਭਲਾ ਕੀ ਹਾਸਿਲ ਹੋਵੇਗਾ ? ਜਦੋਂ ਆਰਥਿਕ ਸਥਿਤੀ ਬਹੁ ਗਿਣਤੀ ਗਰੀਬਾਂ ਨੂੰ ਸਿੱਖਿਆ ਵਿੱਚੇ ਹੀ ਛੱਡ ਦੇਣ ਲਈ ਮਜ਼ਬੂਰ ਕਰ ਦਿੰਦੀ ਹੈ ਤਾਂ ਫਿਰ ਸਿੱਖਿਆ ਦੇ ਖੇਤਰ ਵਿੱਚ ਹਾਸਿਲ ਰਿਜ਼ਰਵੇਸ਼ਨ ਵਿੱਚ ਭਲਾ ਕਿਸਨੂੰ ਕਿੰਨਾ ਲਾਭ ਮਿਲ ਸਕੇਗਾ, ਖਾਸ ਕਰਕੇ ਉਦੋਂ ਜਦੋਂਕਿ ਸਿੱਖਿਆ ਦੇ ਖੇਤਰ

ਵਿੱਚ ਵੀ ਹੇਠਾਂ ਤੋਂ ਲੈ ਕੇ ਉੱਚ ਪੱਧਰ ਤੱਕ ਨਿੱਜੀਕਰਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ ਅਤੇ ਸਿੱਖਿਆ ਵੱਧ ਤੋਂ ਵੱਧ ਵਿਕਾਊ ਮਾਲ ਬਣਦੀ ਜਾ ਰਹੀ ਹੈ ?

ਉਦਿਤ ਰਾਜ ਨੇ ਜਾਤੀ ਦੇ ਪ੍ਰਬੰਧ ਦੀ ਤੁਲਨਾ ਪੂੰਜੀਵਾਦੀ ਵਿਵਸਥਾ ਨਾਲ਼ ਕੀਤੀ ਹੈ ਅਤੇ ਇਹ ਤਰਕ ਦਿੱਤਾ ਹੈ ਕਿ ਜਿਸ ਤਰ੍ਹਾਂ ਆਪਣੀਆਂ ਖੋਜਾਂ, ਪ੍ਰਯੋਗਾਂ ਅਤੇ ਤਕਨੀਕਾਂ ਦੀ ਵਰਤੋਂ ਕਰਨ ਦੇਣ ਦੀ "ਉਦਾਰਤਾ" ਅਮਰੀਕਾ ਜਿਹੇ ਦੇਸ਼ ਭਾਰਤ ਨਾਲ਼ ਵਰਤਦੇ ਹਨ, ਉਸੇ ਤਰਾਂ ਦੀ "ਉਦਾਰਤਾ" ਰਿਜ਼ਰਵੇਸ਼ਨ ਦੇ ਮਾਮਲੇ ਵਿੱਚ ਉੱਚ ਸਮਾਜ ਨੂੰ ਵੀ ਦਲਿਤ ਸਮਾਜ ਪ੍ਰਤੀ ਵਰਤਣੀ ਚਾਹੀਦੀ ਹੈ। ਇਹ ਤੁਲਨਾ ਆਪਣੇ ਆਪ ਵਿੱਚ ਉਦਿਤ ਰਾਜ ਦੇ ਜਮਾਤੀ ਨਜ਼ਰੀਏ ਦਾ ਜਿਉਂਦਾ ਜਾਗਦਾ ਸਬੂਤ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਮਰਾਜਵਾਦੀ ਦੇਸ਼ ਆਪਣੀਆਂ ਖੋਜਾਂ ਤੇ ਤਕਨੀਕਾਂ ਨੂੰ ਗਰੀਬ ਦੇਸ਼ਾਂ ਨੂੰ ਉਂਝ ਹੀ ਨਹੀਂ ਦਿੰਦੇ ਸਗੋਂ ਰਾਇਲੀਟੀ ਅਤੇ ਮਨਮਾਨੀਆਂ ਸ਼ਰਤਾਂ 'ਤੇ ਲੁੱਟ ਦੇ ਰੂਪ ਵਿੱਚ ਉਸਦੀ ਭਰਪੂਰ ਕੀਮਤ ਵਸੂਲਦੇ ਹਨ (ਨਾਲ਼ ਹੀ, ਇਹ ਵੀ ਧਿਆਨ ਰੱਖਣਾ ਹੋਵੇਗਾ ਕਿ ਉਨਾਂ ਦੀਆਂ ਖੋਜਾਂ ਅਤੇ ਤਕਨੀਕੀ ਉੱਨਤੀ ਦੇ ਪਿੱਛੇ ਬਸਤੀਆਂ ਦੀ ਲੁੱਟ ਦਾ ਕਿੰਨਾ ਵੱਡਾ ਹੱਥ ਹੈ!) ਦੂਜੀ ਗੱਲ ਇਹ ਕਿ ਸਾਮਰਾਜਵਾਦੀ ਦੇਸ਼ਾਂ ਦੀ ਇਸ "ਉਦਾਰਤਾ" ਦੇ ਬਾਵਜੂਦ ਅਮਰੀਕਾ ਜਿਹੇ ਦੇਸ਼ਾਂ ਅਤੇ ਭਾਰਤ ਜਿਹੇ ਦੇਸ਼ਾਂ ਵਿੱਚ ਅੰਤਰ ਅਤੇ ਅਸਮਾਨਤਾਪੂਰਨ ਸਬੰਧਾਂ ਦਾ ਅੰਤ ਮੌਜੂਦਾ ਸੰਸਾਰ ਪ੍ਰਬੰਧ ਦੇ ਰਹਿੰਦੇ ਸੰਭਵ ਨਹੀਂ। ਯਾਨੀ ਸਵਾਲ ਸਾਮਰਾਜਵਾਦੀ ਦੇਸ਼ਾਂ ਤੋਂ ਛੋਟ ਹਾਸਿਲ ਕਰਨ ਦਾ ਨਹੀਂ ਸਗੋਂ ਪੂੰਜੀਵਾਦੀ ਸੰਸਾਰ ਪ੍ਰਬੰਧ ਨਾਲ਼ ਨਿਰਣਾਇਕ ਤੋੜ ਵਿਛੋੜਾ ਕਰਨ ਦਾ ਅਤੇ ਫਿਰ ਇਸ ਸੰਸਾਰ ਪ੍ਰਬੰਧ ਦਾ ਨਾਸ਼ ਕਰਨ ਦਾ ਹੈ। ਠੀਕ ਉਸੇ ਤਰਾਂ, ਜਾਤੀ ਪ੍ਰਬੰਧ ਦੇ ਸੰਦਰਭ ਵਿੱਚ ਵੀ ਸਵਾਲ ਕੁੱਝ ਛੋਟ ਹਾਸਿਲ ਕਰਨ ਦਾ ਨਹੀਂ ਸਗੋਂ ਜਾਤੀ ਪ੍ਰਬੰਧ ਨੂੰ ਹੀ ਖਤਮ ਕਰਨ ਦਾ ਹੈ ਅਤੇ ਰਿਜ਼ਰਵੇਸ਼ਨ ਦੀ ਮੰਗ ਕਿਸੇ ਵੀ ਰੂਪ ਵਿੱਚ ਇਸ ਵਿੱਚ ਸਹਾਇਕ ਨਹੀਂ ਹੈ ਸਗੋਂ ਇਸਦੇ ਉਲਟ ਭੂਮਿਕਾ ਨਿਭਾਉਂਦੀ ਹੈ।

ਇੱਕ ਹੋਰ ਅਖੌਤੀ ਦਲਿਤ ਚਿੰਤਕ ਚੰਦਰਭਾਨ ਪ੍ਰਸ਼ਾਦ ਹਨ ਜੋ ਅਮਰੀਕੀ ਸ਼ੈਲੀ ਦੇ ਪੂੰਜੀਵਾਦੀ ਸਮਾਜਿਕ ਪ੍ਰਬੰਧ ਦੇ ਕੱਟੜ ਸਮਰਥਕ ਹਨ ਅਤੇ ਉਸੇ ਫ੍ਰੇਮਵਰਕ ਵਿੱਚ ਦਲਿਤ ਸਵਾਲ ਦਾ ਵੀ ਹੱਲ ਭਾਲ਼ਦੇ ਹਨ। ਅੱਜ ਅਜਿਹੇ ਭਾਰਤੀ ਬੁੱਧੀਜੀਵੀਆਂ ਦੀ ਕਮੀ ਨਹੀਂ ਹੈ, ਜੋ ਅਮਰੀਕਾ ਦੁਆਰਾ ਬੇਹਿਸਾਬ ਸੰਸਾਰ ਵਿਆਪੀ ਲੁੱਟ, ਅਮਰੀਕੀ ਸਮਾਜ ਦੇ ਅੰਦਰੂਨੀ ਸੰਕਟਾਂ ਅਤੇ ਉਸ ਵਿੱਚ ਮੌਜੂਦ ਡੂੰਘੀ ਅਸਮਾਨਤਾ, ਦਾਬਾ ਅਤੇ ਨਿਰੰਕੁਸ਼ਤਾ ਦੀ ਅਣਦੇਖੀ ਕਰਦੇ ਹੋਏ, ਉਸ ਨੂੰ ਸੰਪੂਰਣ ਅਤੇ ਸੁਖੀ ਸਮਾਜ ਦੇ ਆਦਰਸ਼ ਦੇ ਰੂਪ ਵਿੱਚ ਪੇਸ਼ ਕਰ ਰਹੇ ਹਨ। ਅਜਿਹੇ ਬੁੱਧੀਜੀਵੀ ਦਲਿਤ ਸਮਾਜ ਵਿੱਚ ਵੀ ਪੈਦਾ ਹੋ ਗਏ ਹਨ ਅਤੇ ਚੰਦਰਭਾਨ ਪ੍ਰਸ਼ਾਦ ਉਨਾਂ ਵਿੱਚੋਂ ਅੱਗੇ ਹੈ। ਚੰਦਰਭਾਨ ਪ੍ਰਸ਼ਾਦ ਜਿਹਿਆਂ ਦੀ ਜਮਾਤ "ਦਲਿਤ ਪੂੰਜੀਵਾਦ" ਦਾ ਅਨੂਠਾ ਵਿਚਾਰ ਲੈ ਕੇ ਸਾਹਮਣੇ ਆਈ ਹੈ। ਉਸਦਾ ਮੰਨਣਾ ਹੈ ਕਿ ਨਿੱਜੀ ਖੇਤਰ ਦੇ ਉਦਯੋਗਾਂ

ਵਿੱਚ ਅਤੇ ਉੱਚ ਸਿੱਖਿਆ ਸੰਸਥਾਨਾਂ ਵਿੱਚ (ਜੋ ਉਹਨਾਂ ਦੇ ਵਿਚਾਰ ਨਾਲ ਜਿਆਦਾਤਰ ਨਿੱਜੀ ਖੇਤਰ ਵਿੱਚ ਹੋਣੇ ਚਾਹੀਦੇ ਹਨ) "ਜਾਤੀ ਵੰਨ ਸੁਵੰਨਤਾ" ਨੂੰ ਵਧਾਉਣ ਨਾਲ਼ ਦਲਿਤਾਂ ਵਿੱਚ ਵੀ ਇੱਕ ਪੂੰਜੀਪਤੀ ਵਰਗ ਅਤੇ ਨੌਕਰਸ਼ਾਹਾਂ ਅਤੇ ਬੁੱਧੀਜੀਵੀਆਂ ਸਹਿਤ ਮੱਧਵਰਗ ਦੀਆਂ ਵੱਖ-ਵੱਖ ਤਹਿਆਂ ਵਿਕਸਿਤ ਹੋਣਗੀਆਂ ਅਤੇ ਇਸ ਤਰਾਂ ਜਾਤੀ ਸਵਾਲ ਦਾ ਹੱਲ ਹੋ ਜਾਵੇਗਾ। ਚੰਦਰਭਾਨ ਪ੍ਰਸ਼ਾਦ ਬ੍ਰਾਂਡ ਦਲਿਤ ਚਿੰਤਕਾਂ ਦਾ ਮੰਨਣਾ ਹੈ ਕਿ ਪਬਲਿਕ ਸੈਕਟਰ ਦੀ ਸਮਾਪਤੀ ਅਤੇ ਨਿੱਜੀਕਰਨ-ਉਦਾਰੀਕਰਨ ਦੀ ਲਹਿਰ ਜ਼ਰੂਰੀ ਹੈ ਅਤੇ ਇਸਨੂੰ ਨਿਆਸੰਗਤ ਬਣਾਉਣ ਦੀ ਗੁੰਜਾਇਸ਼ ਜਿਆਦਾ ਹੈ। ਨਵਉਦਾਰਵਾਦ ਦੇ ਇਨਾਂ ਪੈਰੋਕਾਰਾਂ ਦੀ ਸੋਚ ਇਹ ਹੈ ਕਿ ਜੇ ਅਮਰੀਕਾ ਵਿੱਚ ਕਾਲਿਆਂ ਲਈ 1965 ਤੋਂ ਲਾਗੂ "ਸਾਕਾਰਾਤਮਕ ਕਾਰਵਾਈ" (ਆਫਰਮੇਟਿਵ ਐਕਸ਼ਨ) ਦੀ ਹੀ ਤਰਾਂ ਭਾਰਤ ਵਿੱਚ ਵੀ ਨਿੱਜੀ ਖੇਤਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਅਤੇ ਉਦਯੋਗਿਕ-ਵਿੱਤੀ ਅਤੇ ਸੇਵਾ ਖੇਤਰ ਦੇ ਅਦਾਰਿਆਂ ਵਿੱਚ ਦਲਿਤਾਂ ਦੇ ਲਈ ਰਿਜ਼ਰਵੇਸ਼ਨ ਲਾਜ਼ਮੀ ਕਰ ਦਿੱਤੀ ਜਾਵੇ ਤਾਂ ਦਲਿਤਾਂ ਵਿੱਚੋਂ ਵੀ ਇੱਕ ਸੰਪਤੀਸ਼ਾਲੀ ਮੱਧਵਰਗ ਅਤੇ ਉਦਯੋਗਪਤੀ ਵਰਗ ਪੈਦਾ ਹੋ ਜਾਵੇਗਾ ਅਤੇ ਉਹਨਾਂ ਦੇ ਸਮਾਜਿਕ ਭੇਦਭਾਵ, ਅਪਮਾਨ ਅਤੇ ਦਾਬੇ ਦਾ ਖਾਤਮਾ ਹੋ ਜਾਵੇਗਾ। ਸੱਚ ਪੁੱਛੋ ਤਾਂ ਇਸਤੋਂ ਜਿਆਦਾ ਪਿਛਾਖੜੀ, ਦਲਿਤ-ਵਿਰੋਧੀ ਸੋਚ ਹੋਰ ਕੋਈ ਹੋ ਵੀ ਨਹੀਂ ਸਕਦੀ।

ਸਭ ਤੋਂ ਪਹਿਲਾਂ ਇਹ ਦੇਖਣਾ ਹੋਵੇਗਾ ਕਿ 1965 ਤੋਂ ਅਮਰੀਕਾ ਵਿੱਚ ਅਛੂਤ ਲੋਕਾਂ ਲਈ ਲਾਗੂ "ਸਾਕਾਰਾਤਮਕ ਕਾਰਵਾਈ" ਨਾਲ ਉਨਾਂ ਦੀ ਸਮਾਜਿਕ-ਆਰਥਿਕ ਸਥਿਤੀ 'ਤੇ ਕੀ ਫਰਕ ਪਿਆ ਹੈ! ਬੇਸ਼ੱਕ, ਪਿਛਲੇ ਚਾਰ ਦਹਾਕਿਆਂ ਦੌਰਾਨ ਕਾਰਪੋਰੇਟ ਜਗਤ ਦੇ ਉੱਚਅਧਿਕਾਰੀਆਂ, ਨੌਕਰਸ਼ਾਹਾਂ, ਬੁਰਜੂਆ ਰਾਜਨੀਤੀਵਾਨਾਂ ਅਤੇ ਪੱਤਰਕਾਰਾਂ, ਅਕਾਦਮੀਸ਼ੀਨਾਂ ਆਦਿ ਦੀ ਜਮਾਤ ਵਿੱਚ ਕਾਲ਼ੇ ਲੋਕਾਂ ਦੀ ਹਿੱਸੇਦਾਰੀ ਵਧੀ ਹੈ ਅਤੇ ਇੱਕ ਅੱਛੇ ਖਾਸੇ ਅਕਾਰ ਵਾਲ਼ਾ ਕਾਲ਼ਾ ਮੱਧਵਰਗ ਹੋਂਦ ਵਿੱਚ ਆਇਆ ਹੈ (ਭਾਵੇਂ ਹੁਣ ਵੀ ਕੁੱਝ ਛੋਟੇ-ਮੋਟੇ ਉੱਦਮੀਆਂ-ਵਪਾਰੀਆਂ ਨੂੰ ਛੱਡਕੇ "ਕਾਲ਼ਾ ਪੂੰਜੀਵਾਦ" ਜਿਹੀ ਕੋਈ ਚੀਜ ਅਮਰੀਕਾ ਵਿੱਚ ਵੀ ਹੋਂਦ ਵਿੱਚ ਨਹੀਂ ਆਈ ਹੈ)। ਪਰ ਇਹ ਪੂਰਾ ਕਾਲ਼ਾ ਮੱਧਵਰਗ ਸਮੁੱਚੀ ਕਾਲ਼ੀ ਅਬਾਦੀ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੈ। ਬਹੁਗਿਣਤੀ ਕਾਲ਼ੇ ਅੱਜ ਵੀ ਉਜ਼ਰਤੀ ਗੁਲਾਮਾਂ ਦਾ ਜੀਵਨ ਬਿਤਾਉਂਦੇ ਹਨ ਅਤੇ ਖੁਸ਼ਹਾਲੀ ਦੇ ਦੀਪ ਮਹਾਂਨਗਰਾਂ ਨੂੰ ਘੇਰੇ ਹੋਏ ਝੁੱਗੀ-ਝੋਪੜੀਆਂ ਜਿਹੀਆਂ ਗੰਦੀਆਂ ਬਸਤੀਆਂ ਦੇ ਹਨ੍ਹੇਰੇ ਦੇ ਨਿਵਾਸੀ ਬਣੇ ਹੋਏ ਹਨ। ਅਮਰੀਕਾ ਵਿੱਚ ਰਹਿਣ ਵਾਲ਼ੇ ਮੂਲੈਟੋ, ਚਿਕਾਨੋ ਮੂਲ ਦੇ ਮਜ਼ਦੂਰਾਂ ਅਤੇ ਲਾਤਿਨ ਅਮਰੀਕਾ ਅਤੇ ਏਸ਼ੀਆਈ ਦੇਸ਼ਾਂ ਤੋਂ ਗਏ ਅਪ੍ਰਵਾਸੀ ਮਜ਼ਦੂਰਾਂ ਅਤੇ ਅਮਰੀਕੀ ਕਾਲ਼ੇ ਮਜ਼ਦੂਰਾਂ ਨੂੰ ਅਮਰੀਕੀ ਸਮਾਜ ਵਿੱਚ ਨਾ ਕੇਵਲ ਬਰਬਰ ਸ਼ੋਸ਼ਣ ਅਤੇ ਅਸੁਰੱਖਿਆ ਦਾ, ਸਗੋਂ ਸਮਾਜਿਕ ਭੇਦਭਾਵ ਅਤੇ ਅਪਮਾਨ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਫਰਕ ਸਿਰਫ ਇਹ ਪੈਂਦਾ ਹੈ ਕਿ

ਅਮਰੀਕੀ ਸਮਾਜ ਵਿੱਚ ਵੀ ਧਨੀ–ਗਰੀਬ ਦੇ ਵਧਦੇ ਧਰੁਵੀਕਰਨ ਨੇ ਇਹਨਾਂ ਜਮਾਤਾਂ ਵਿੱਚ ਗੋਰੀ ਅਬਾਦੀ ਦੇ ਇੱਕ ਅੱਛੇ ਖਾਸੇ ਹਿੱਸੇ ਨੂੰ ਵੀ ਉਜਰਤੀ ਗੁਲਾਮ ਬਣਾਕੇ ਲਿਆ ਖੜ੍ਹਾ ਕੀਤਾ ਹੈ। ਨਸਲਵਾਦ ਅਤੇ ਰੰਗਭੇਦ ਅੱਜ ਵੀ ਅਮਰੀਕੀ ਸਮਾਜ ਵਿੱਚ ਮੌਜੂਦ ਹੈ, ਬਸ ਉਸਦਾ ਕੁੱਝ ਰੂਪ ਬਦਲ ਗਿਆ ਹੈ। ਅਮਰੀਕੀ ਜੇਲ੍ਹਾਂ ਵਿੱਚ ਰਹਿਣ ਵਾਲ਼ੇ ਕੈਦੀਆਂ ਵਿੱਚ ਅੱਜ ਵੀ ਪਚੱਤਰ ਫ਼ੀਸਦੀ ਤੋਂ ਵੀ ਜਿਆਦਾ ਕਾਲ਼ੇ ਅਤੇ ਲਾਤਿਨੀ ਅਮਰੀਕਾ ਜਾਂ ਏਸ਼ੀਆਈ ਮੂਲ ਦੇ ਲੋਕ ਹਨ। ਸਭ ਤੋਂ ਘੱਟ ਮਜ਼ਦੂਰੀ ਅਤੇ ਕਰੜੀ ਮਿਹਨਤ ਵਾਲ਼ੇ ਕੰਮ ਵੀ ਇਹੀ ਅਬਾਦੀ ਕਰਦੀ ਹੈ। ਕਾਲ਼ਿਆਂ ਨੂੰ ਜੇ ਅੱਜ ਤੋਂ ਚਾਰ ਦਹਾਕੇ ਪਹਿਲਾਂ ਦੀ ਤਰਾਂ ਰੰਗ ਭੇਦ ਅਤੇ ਅਪਮਾਨ ਦਾ ਘੱਟ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸਦਾ ਕਾਰਨ "ਸਾਕਾਰਾਤਮਕ ਕਾਰਵਾਈ" ਜਾਂ ਕੁੱਝ ਥੋੜ੍ਹੇ ਜਿਹੇ ਕਾਲ਼ਿਆਂ ਦਾ ਖੁਸ਼ਹਾਲ ਹੋ ਜਾਣਾ ਨਹੀਂ ਹੈ, ਸਗੋਂ ਇਹ ਕਾਲ਼ਿਆਂ ਦੇ ਜੁਝਾਰੂ ਅੰਦੋਲਨਾਂ, ਅਮਰੀਕੀ ਨਾਗਰਿਕ ਅਧਿਕਾਰ ਅੰਦੋਲਨ ਅਤੇ ਕਾਲ਼ਿਆਂ ਦੀ ਜ਼ੋਰਦਾਰ ਹਿੱਸੇਦਾਰੀ ਵਾਲ਼ੇ ਅਮਰੀਕੀ ਮਜ਼ਦੂਰ ਅੰਦੋਲਨਾਂ ਕਰਕੇ ਸੰਭਵ ਹੋਇਆ ਹੈ। ਕਿਸੇ ਵੀ ਸਮਾਜ ਵਿੱਚ ਦੱਬਿਆਂ–ਕੁਚਲਿਆਂ ਵਿੱਚੋਂ ਉੱਪਰ ਉੱਠਕੇ ਇੱਕ ਛੋਟਾ ਜਿਹਾ ਹਿੱਸਾ ਜੇ ਅਮੀਰ ਜਮਾਤਾਂ ਵਿੱਚ ਸ਼ਾਮਿਲ ਹੋ ਜਾਂਦਾ ਹੈ, ਤਾਂ ਇਸ ਨਾਲ ਦੱਬਿਆਂ ਕੁਚਲਿਆਂ ਦੀ ਅਬਾਦੀ ਦੀ ਅਸਲੀ ਸਥਿਤੀ ਵਿੱਚ ਕੋਈ ਫਰਕ ਨਹੀਂ ਆਉਂਦਾ ਅਤੇ ਬਸ ਹੁੰਦਾ ਇਹ ਹੈ ਕਿ ਉਸ ਸਥਿਤੀ 'ਤੇ ਇੱਕ ਹੱਦ ਤੱਕ ਪਰਦਾ ਪੈ ਜਾਂਦਾ ਹੈ। ਅਮਰੀਕੀ ਪੈਟਰਨ 'ਤੇ "ਸਾਕਾਰਾਤਮਕ ਕਾਰਵਾਈ" ਦੀ ਮੰਗ ਕਰਨ ਵਾਲ਼ੇ "ਦਲਿਤ ਪੂੰਜੀਵਾਦ" ਦੇ ਪੈਰੋਕਾਰ ਤਾਂ ਅਸਲ ਵਿੱਚ ਦਲਿਤ ਅਬਾਦੀ ਦੇ ਸਭ ਤੋਂ ਘਟੀਆ ਦਰਜੇ ਦੇ ਗੱਦਾਰ, ਪਹਿਲੇ ਦਰਜੇ ਦੇ ਪਿਛਾਖੜੀ ਅਤੇ ਅੱਜ ਦੇ ਨਵਉਦਾਰਵਾਦੀ ਪੂੰਜੀਵਾਦ ਦੇ ਸਭ ਤੋਂ ਵੱਧ ਬੇਸ਼ਰਮ ਟੁਕੜਖੋਰ ਹਨ ਜੋ ਤੱਥਾਂ ਨੂੰ ਛੁਪਾ ਕੇ ਭਾਰਤ ਦੇ ਦਲਿਤਾਂ ਦੇ ਸਾਹਮਣੇ ਅਮਰੀਕੀ ਸਮਾਜ ਦੀ ਗੁਲਾਬੀ ਤਸਵੀਰ ਪੇਸ਼ ਕਰਦੇ ਹਨ ਅਤੇ ਉਹਨਾਂ ਨੂੰ ਦੇਸੀ ਪੂੰਜੀਵਾਦ ਅਤੇ ਸਮੁੱਚੇ ਸਾਮਰਾਜਵਾਦੀ ਸੰਸਾਰ ਪ੍ਰਬੰਧ ਦੀ ਸੇਵਾ ਵਿੱਚ ਲਾਉਣਾ ਚਾਹੁੰਦੇ ਹਨ। ਅਜਿਹਾ ਕਰਦੇ ਹੋਏ ਚੰਦਰਭਾਨ ਪ੍ਰਸ਼ਾਦ ਜਿਹੇ ਲੋਕ ਇਸ ਤੱਥ ਦੀ ਵੀ ਅਣਦੇਖੀ ਕਰਦੇ ਹਨ ਕਿ ਅਮਰੀਕੀ ਸਰਮਾਏਦਾਰ ਜਮਾਤ ਆਪਣੇ ਦੇਸ਼ ਵਿੱਚ ਦਬਾਅ ਵਧਣ 'ਤੇ, ਆਪਣੇ ਸਵਰਗ ਨੂੰ ਜਮਾਤੀ ਘੋਲ਼ ਦੀ ਆਂਚ ਤੋਂ ਬਚਾਉਣ ਲਈ ਅਛੂਤਾਂ ਅਤੇ ਹੋਰ ਵਾਂਝੀਆਂ ਜਮਾਤਾਂ ਨੂੰ, ਪੂਰੀ ਦੁਨੀਆਂ ਤੋਂ ਨਿਚੋੜੇ ਜਾਣ ਵਾਲ਼ੇ ਮੁਨਾਫੇ ਦੇ ਜੋਰ 'ਤੇ, ਇੱਕ ਹੱਦ ਤੱਕ ਸੁਵਿਧਾਵਾਂ, ਛੋਟਾਂ ਅਤੇ ਅਧਿਕਾਰ ਦੇ ਵੀ ਸਕਦਾ ਹੈ, ਪਰ ਭਾਰਤੀ ਪੂੰਜੀਪਤੀ ਜਮਾਤ ਦੀ ਏਨੀ ਔਕਾਤ ਨਹੀਂ ਹੈ। ਇਹ ਅਕਾਰਣ ਨਹੀਂ ਹੈ ਕਿ ਭਾਰਤੀ ਪੂੰਜੀਪਤੀਆਂ ਦੇ ਰਾਹੁਲ ਬਜ਼ਾਜ ਜਿਹੇ ਪ੍ਰਤੀਨਿਧੀ ਅਮਰੀਕੀ ਪੈਟਰਨ ਦੀ "ਸਾਕਾਰਾਤਮਕ ਕਾਰਵਾਈ" ਨੂੰ ਸਵੀਕਾਰਨ ਦੀ ਗੱਲ ਤਾਂ ਕਰਦੇ ਹਨ, ਪਰ ਉਸਨੂੰ ਪੂਰੀ ਤਰਾਂ ਸਵੈ–ਇੱਛਤ ਬਣਾਈ ਰੱਖਣ ਦੀ ਗੱਲ ਕਰਦੇ ਹਨ ਜਦੋਂ ਕਿ ਅਮਰੀਕਾ ਵਿੱਚ ਸਾਕਾਰਾਤਮਕ ਕਾਰਵਾਈ ਨੂੰ 1964 ਦੇ ਨਾਗਰਿਕ ਅਧਿਕਾਰ ਕਾਨੂੰਨ ਅਤੇ

ਕਾਰਜਕਾਰੀ ਨਿਰਦੇਸ਼ ਸੰ.11246 ਦੁਆਰਾ ਕਨੂੰਨੀ ਤੌਰ ’ਤੇ (ਭਾਵੇਂ ਇੱਕ ਹੱਦ ਤੱਕ ਹੀ) ਲਾਜ਼ਮੀ ਬਣਾ ਦਿੱਤਾ ਗਿਆ ਸੀ।

ਜੇ ਦਲਿਤਾਂ ਵਿੱਚੋਂ ਕੁੱਝ ਪੂੰਜੀਪਤੀ ਅਤੇ ਕੁੱਝ ਉੱਚ ਅਧਿਕਾਰੀ ਪੈਦਾ ਹੋ ਜਾਣ ਨਾਲ਼ ਦਲਿਤ ਸਵਾਲ ਦਾ ਹੱਲ ਹੋਣਾ ਹੁੰਦਾ, ਤਾਂ ਪਿਛਲੇ ਪੰਜ ਦਹਾਕਿਆਂ ਅੰਦਰ ਸਾਰੇ ਦਲਿਤ ਰਾਜਨੇਤਾ, ਡੀ. ਸੀ., ਹੋਰ ਸਰਕਾਰੀ ਅਧਿਕਾਰੀ ਅਤੇ ਇੱਕ ਛੋਟੇ ਜਿਹੇ ਦਲਿਤ ਮੱਧਵਰਗ ਦੇ ਪੈਦਾ ਹੋ ਜਾਣ ਨਾਲ਼ ਆਮ ਦਲਿਤਾਂ ਦੀ ਸਥਿਤੀ ਵਿੱਚ ਕੁੱਝ ਤਾਂ ਫਰਕ ਆਇਆ ਹੁੰਦਾ! ਬੇਸ਼ੱਕ, ਕੁੱਝ ਅਜਿਹੇ ਵੀ ਹੋ ਸਕਦੇ ਹਨ ਜੋ ਕਹਿਣਗੇ ਕਿ ਫਰਕ ਤਾਂ ਆਇਆ ਹੀ ਹੈ। ਏਨਾ ਕੁ ਮਾਤਰਕ ਫਰਕ ਤਾਂ ਸਮਾਜਿਕ ਵਿਕਾਸ ਦੀ ਸੁਭਾਵਿਕ ਕ੍ਰਮਿਕ ਗਤੀ ਨਾਲ਼ ਆਉਂਦਾ ਹੀ ਹੈ! ਇਸੇ ਰਫ਼ਤਾਰ ਨਾਲ਼ ਤਬਦੀਲੀ ਦੀ ਉਮੀਦ ਵਿੱਚ ਜੇ ਕੋਈ ਬੈਠਾ ਰਹੇ ਤਾਂ, ਤਾਂ ਫਿਰ ਉਸਨੂੰ ਸਦੀਆਂ ਤੱਕ ਇੰਤਜ਼ਾਰ ਕਰਨਾ ਹੋਵੇਗਾ। ਇਸ ਤਰਾਂ ਤਾਂ ਕੋਈ ਵੀ ਇਨਸਾਫ਼ ਪਸੰਦ ਅਤੇ ਖੁੱਦਾਰ ਇਨਸਾਨ ਨਹੀਂ ਸੋਚ ਸਕਦਾ। ਇਹ ਕਿਸਮਤਵਾਦੀ ਕਾਇਰਤਾ ਨਾਲ਼ ਯਥਾਸਥਿਤੀ ਨੂੰ ਸਵੀਕਾਰਨ ਦੀ ਮਾਨਸਿਕਤਾ ਹੋਵੇਗੀ। **ਦਲਿਤਾਂ ਵਿੱਚੋਂ ਜੋ ਇੱਕ ਸੁਵਿਧਾਭੋਗੀ ਮੱਧਵਰਗ ਪੈਦਾ ਹੋਇਆ ਹੈ, ਉਹ ਆਪਣੇ ਸਮਾਜਿਕ ਅਪਮਾਨ ਅਤੇ ਜਾਤੀਗਤ ਭੇਦਭਾਵ ਤੋਂ ਛੁਟਕਾਰਾ ਤਾਂ ਚਾਹੁੰਦਾ ਹੈ ਪਰ ਡਰਦਾ ਵੀ ਹੈ ਕਿ ਕਿਸੇ ਤਰਾਂ ਦੀ ਇਨਕਲਾਬੀ ਤਬਦੀਲੀ ਦੀ ਹਨੇਰੀ ਉਸਦੀਆਂ ਸੁਵਿਧਾਵਾਂ ਅਤੇ ਸਮਾਜਿਕ ਸੁਰੱਖਿਆ ਨੂੰ ਖੋਹ ਲਵੇਗੀ। ਇਸ ਕਾਇਰਤਾ ਕਰਕੇ, ਉਹ ਗਰਮਾਗਰਮ ਗੱਲਾਂ ਤਾਂ ਕਰਦਾ ਹੈ ਪਰ ਇਸੇ ਪ੍ਰਬੰਧ ਦੇ ਦਾਇਰੇ ਅੰਦਰ ਰਹਿ ਕੇ ਜਿਸ ਹੱਦ ਤੱਕ ਸੰਭਵ ਹੋਵੇ, ਉਸ ਹੱਦ ਤੱਕ ਕੁੱਝ ਹਾਸਿਲ ਕਰ ਲੈਣ ਦੀ ਕੋਸ਼ਿਸ਼ ਕਰਦਾ ਹੈ! ਨਾਲ਼ ਹੀ, ਉਹ ਬੋਲਦਾ ਤਾਂ ਪੂਰੀ ਦਲਿਤ ਅਬਾਦੀ ਵੱਲੋਂ ਹੈ, ਪਰ ਆਮ ਦਲਿਤਾਂ ਨਾਲ਼ੋਂ ਉਸਨੇ ਆਪਣੇ ਆਪ ਨੂੰ ਪੂਰੀ ਤਰਾਂ ਕੱਟ ਲਿਆ ਹੈ ਅਤੇ ਬਰਬਰ ਦਲਿਤ ਦਾਬੇ ਦੀ ਘਟਨਾ ਹੋਣ ’ਤੇ ਵੀ ਕਿਸੇ ਅੰਦੋਲਨ ਵਿੱਚ ਸੜਕਾਂ ’ਤੇ ਉੱਤਰਕੇ ਜੁਝਾਰੂ ਹਿੱਸੇਦਾਰੀ ਦੀ ਬਜਾਏ ਗਰਮਾਗਰਮ ਬਿਆਨਬਾਜ਼ੀ ਹੀ ਕਰਦਾ ਰਹਿੰਦਾ ਹੈ। ਜੋ ਲੋਕ ਲੁੱਟੇ ਲਤਾੜਿਆਂ ਵਿੱਚੋਂ ਉੱਪਰ ਉਠਕੇ ਸਫੇਦਪੋਸ਼ਾਂ ਦੀ ਜਮਾਤ ਵਿੱਚ ਸ਼ਾਮਿਲ ਹੁੰਦੇ ਹਨ, ਉਹ ਕਾਇਰਤਾ, ਕਮੀਨਗੀ ਅਤੇ ਪਿਛਾਖੜੀ ਮਾਨਸਿਕਤਾ ਦੇ ਮਾਮਲੇ ਵਿੱਚ ਪਰੰਪਰਾਗਤ ਸਫੇਦਪੋਸ਼ਾਂ ਨਾਲ਼ੋਂ ਵੀ ਵਧ ਚੜ੍ਹ ਕੇ ਹੁੰਦੇ ਹਨ।** ਚੰਦਰਭਾਨ ਪ੍ਰਸ਼ਾਦ “ਦਲਿਤ ਪੂੰਜੀਵਾਦ” ਲਈ ਬੇਹਾਲ ਹੈ, ਉਸ ਨੂੰ ਉਨਾਂ ਬਹੁਗਿਣਤੀ ਦਲਿਤਾਂ ਦੀ ਚਿੰਤਾਂ ਨਹੀਂ ਹੈ ਜੋ ਅਜਿਹੇ ਦਲਿਤ ਪੂੰਜੀਪਤੀਆਂ ਅਤੇ ਹੋਰ ਪੂੰਜੀਪਤੀਆਂ ਦੇ ਕਾਰਖਾਨਿਆਂ ਵਿੱਚ ਉਜ਼ਰਤੀ ਗੁਲਾਮੀ ਕਰਦੇ ਹੋਏ ਆਪਣੀ ਜਿੰਦਗੀ ਜਲਾਉਂਦੇ–ਗਲ਼ਾਉਂਦੇ ਰਹਿਣਗੇ।

ਸਾਡਾ ਪੱਖ

ਰਿਜ਼ਰਵੇਸ਼ਨ ਵਿਰੋਧੀਆਂ ਅਤੇ ਰਿਜ਼ਰਵੇਸ਼ਨ ਸਮਰਥਕਾਂ ਨਾਲ਼ ਤਰਕ–ਵਿਤਰਕ ਕਰਨ ਦੀ ਪ੍ਰਕਿਰਿਆ ਵਿੱਚ, ਅਸੀਂ ਸਮਝਦੇ ਹਾਂ ਕਿ ਸਾਡਾ ਪੱਖ ਬਿਲਕੁਲ ਸਪੱਸ਼ਟ ਹੋ ਗਿਆ ਹੈ। ਸਾਡੇ ਵਿਚਾਰ ਅਨੁਸਾਰ **ਰਿਜ਼ਰਵੇਸ਼ਨ ਚਾਹੇ ਲਾਗੂ ਹੋਵੇ ਜਾਂ ਨਾ ਲਾਗੂ ਹੋਵੇ, ਦਲਿਤਾਂ ਅਤੇ ਪੱਛੜੀਆਂ ਜਾਤਾਂ ਦੇ ਗਰੀਬਾਂ ਦੀ ਸਥਿਤੀ ਵਿੱਚ ਕੋਈ ਬੁਨਿਆਦੀ ਫਰਕ ਨਹੀਂ ਪਵੇਗਾ। ਜਾਤੀ-ਪ੍ਰਸ਼ਨ ਦੇ ਹੱਲ ਦੀ ਦਿਸ਼ਾ ਵਿੱਚ ਇਹ ਇੱਕ ਛੋਟਾ ਜਿਹਾ ਵੀ ਕਦਮ ਨਹੀਂ ਹੈ। ਰਿਜ਼ਰਵੇਸ਼ਨ ਦਾ ਸ਼ੋਸ਼ਾ ਉਛਾਲਕੇ ਹਾਕਮ ਜਮਾਤ ਬਹੁ-ਗਿਣਤੀ ਲੁੱਟੀ ਲਤਾੜੀ ਅਬਾਦੀ ਨੂੰ ਜਾਤੀ ਅਧਾਰ ’ਤੇ ਵੰਡ ਦਿੰਦੀ ਹੈ ਅਤੇ ਉਸ ਲੜਾਈ ਦੇ ਜਥੇਬੰਦ ਹੋਣ ਦੀ ਪ੍ਰਕਿਰਿਆ ਵਿੱਚ ਹੀ ਰੁਕਾਵਟ ਪੈਦਾ ਕਰ ਦਿੰਦੀ ਹੈ, ਜੋ ਸਾਡੇ ਸਮਾਜ ਦੇ ਸਭ ਬੁਨਿਆਦੀ ਸਵਾਲਾਂ ਦੇ ਨਾਲ਼ ਹੀ ਜਾਤੀ ਦੇ ਸਵਾਲ ਦੇ ਹੱਲ ਦੀ ਪ੍ਰਕਿਰਿਆ ਨੂੰ ਵੀ ਅੱਗੇ ਵਧਾਵੇਗੀ ਅਤੇ ਅੰਜਾਮ ਤੱਕ ਪਹੁੰਚਾਏਗੀ। ਰਿਜ਼ਰਵੇਸ਼ਨ ਦਾ ਮਕਸਦ ਸੁਧਾਰ ਨਹੀਂ, ਸਗੋਂ ਪੂੰਜੀਵਾਦੀ ਢਾਂਚੇ ਨੂੰ ਬਣਾਈ ਰੱਖਣ ਲਈ ਇੱਕ ਟੁਕੜਾ ਸੁੱਟਕੇ ਲੋਕਾਂ ਨੂੰ ਜਾਤੀ ਅਧਾਰ ’ਤੇ ਵੰਡਣਾ ਹੈ। ਇਸਦਾ ਸਮਰਥਨ ਜਾਂ ਵਿਰੋਧ ਕਰਨ ਵਾਲ਼ੇ ਜਾਣੇ-ਅਣਜਾਣੇ ਇੱਕ ਹੀ ਸਾਜਿਸ਼ ਦਾ ਸ਼ਿਕਾਰ ਹੋ ਜਾਂਦੇ ਹਨ।**

ਇਸ ਲਈ, **ਸਾਡਾ ਪੱਖ ਇਹ ਹੈ ਕਿ ਅਸੀਂ ਰਿਜ਼ਰਵੇਸ਼ਨ ਦਾ ਨਾ ਤਾਂ ਸਮਰਥਨ ਕਰਦੇ ਹਾਂ ਨਾ ਹੀ ਵਿਰੋਧ। ਅਸੀਂ ਇਸ ਮੁੱਦੇ ’ਤੇ ਲੋਕਾਂ ਦੇ ਵੰਡ ਜਾਣ ਦੀ ਸਥਿਤੀ ਨੂੰ ਹੀ ਇੱਕ ਕੁਚੱਕਰ ਮੰਨਦੇ ਹਾਂ ਅਤੇ ਇਸ ਦਾ ਵਿਰੋਧ ਕਰਦੇ ਹਾਂ। ਸਿੱਖਿਆ ਅਤੇ ਨੌਕਰੀ ਵਿੱਚ ਕਿਸੇ ਤਰਾਂ ਦੀ ਰਿਜ਼ਰਵੇਸ਼ਨ ਨਹੀਂ ਸਗੋਂ ਵਿਦਿਆਰਥੀ-ਨੌਜਵਾਨ ਲਹਿਰ ਦੀ ਅੱਜ ਇੱਕ ਹੀ ਕੇਂਦਰੀ ਮੰਗ ਹੋ ਸਕਦੀ ਹੈ — ‘ਸਾਰਿਆਂ ਲਈ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਅਤੇ ਕੰਮ ਕਰਨ ਯੋਗ ਹਰ ਵਿਅਕਤੀ ਲਈ ਰੁਜ਼ਗਾਰ।’** ਸਿੱਖਿਆ ਅਤੇ ਰੁਜ਼ਗਾਰ ਅਸੀਂ ਸਰਕਾਰ ਦੀ ਜ਼ਿਮੇਦਾਰੀ ਮੰਨਦੇ ਹਾਂ ਅਤੇ ਜਿਸ ਢਾਂਚੇ ਵਿੱਚ ਇਹ ਸੰਭਵ ਨਾ ਹੋ ਸਕੇ, ਉਸਨੂੰ ਉਖਾੜ ਸੁੱਟਣਾ ਅਸੀਂ ਆਮ ਲੋਕਾਂ ਦੇ ਬਹਾਦਰ ਧੀਆਂ–ਪੁੱਤਾਂ ਦਾ ਬੁਨਿਆਦੀ ਕਰਤੱਵ ਮੰਨਦੇ ਹਾਂ। ਜ਼ਰੂਰ ਹੀ, ਇਸ ਮੰਗ ਲਈ ਲੜਦੇ ਹੋਏ ਵਿੱਚ ਦੇ ਕੁੱਝ ਪੜਾਅ ਹੋ ਸਕਦੇ ਹਨ, ਜਦੋਂ ਫੌਰੀ ਤੌਰ ’ਤੇ ਸੀਟਾਂ ਵਧਾਉਣ, ਫੀਸਾਂ ਘਟਾਉਣ ਜਾਂ ਬੇਰੁਜ਼ਗਾਰੀ ਭੱਤਾ ਜਿਹੀ ਕਿਸੇ ਮੰਗ ਲਈ ਲੜਿਆ ਜਾ ਸਕਦਾ ਹੈ, ਪਰ ਇਸ ਅੰਸ਼ਿਕ, ਫੌਰੀ ਜਾਂ ਸੁਧਾਰਮੂਲ ਮੰਗਾਂ ਦੀ ਸ਼੍ਰੇਣੀ ਵਿੱਚ ਵੀ ਅੱਜ ਰਿਜ਼ਰਵੇਸ਼ਨ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ, ਖਾਸ ਕਰਕੇ ਉਦੋਂ ਜਦੋਂ ਕਿ ਪਿਛਲੀ ਅੱਧੀ ਸਦੀ ਦਾ ਤਜਰਬਾ ਸਾਡੇ ਸਾਹਮਣੇ ਹੈ। ਸਾਨੂੰ ਰਿਜ਼ਰਵੇਸ਼ਨ ਦਾ ਸਮਰਥਨ ਜਾਂ ਵਿਰੋਧ ਰਾਜਨੀਤੀ ਦੇ ਅਸਲੀ ਪ੍ਰਬੰਧ–ਸੇਵਕ ਚਰਿੱਤਰ ਦਾ ਵਿਸ਼ਲੇਸ਼ਣ ਅਤੇ ਪਰਦਾਫਾਸ਼ ਕਰਨਾ ਚਾਹੀਦਾ ਹੈ।

ਨਾਲ ਹੀ, ਇਨਕਲਾਬੀ ਵਿਦਿਆਰਥੀ-ਨੌਜਵਾਨ ਲਹਿਰ ਦਾ ਇਹ ਜ਼ਰੂਰੀ ਫਰਜ ਹੈ ਕਿ

ਜਾਤੀਗਤ ਭੇਦਭਾਵ, ਅਤੇ ਦਲਿਤਾਂ 'ਤੇ ਦਾਬੇ ਵਿਰੁੱਧ ਲਗਾਤਾਰ ਪ੍ਰਚਾਰ ਅਤੇ ਸੰਘਰਸ਼ ਕਰਨਾ। ਜਾਤੀ-ਵਿਰੋਧੀ ਅੰਦੋਲਨ ਨੂੰ ਸਮਾਜਿਕ ਸੱਭਿਆਚਾਰਕ ਪੱਧਰ 'ਤੇ ਲਗਾਤਾਰ ਚਲਾਉਂਦੇ ਹੋਏ ਇਸਨੂੰ ਔਰਤ ਮੁਕਤੀ ਦੇ ਸਵਾਲ ਨਾਲ਼ ਵੀ ਜੋੜਿਆ ਜਾਣਾ ਚਾਹੀਦਾ ਹੈ, ਕਿਉਂਕਿ ਜਾਤੀ ਅਧਾਰਿਤ ਭੇਦ ਭਾਵ ਅਤੇ ਦਾਬਾ, ਲਿੰਗ ਅਧਾਰ 'ਤੇ ਕਾਇਮ ਔਰਤਾਂ ਦੇ ਦਾਬੇ ਨਾਲ਼ ਜੁੜਿਆ ਹੋਇਆ ਹੈ। ਔਰਤਾਂ ਦੀ ਸਮਾਜਿਕ ਮੁਕਤੀ ਦੇ ਨਾਲ਼ ਹੀ ਜਾਤੀ ਦੇ ਅੰਦਰ ਤੈਅ ਕਰਕੇ ਹੋਣ ਵਾਲ਼ੇ ਵਿਆਹਾਂ ਦੀ ਰੂੜ੍ਹੀ ਵੀ ਕਮਜ਼ੋਰ ਪਵੇਗੀ, ਨੌਜਵਾਨ ਇਸਤਰੀਆਂ ਵਿਆਹ ਦੇ ਮਾਮਲੇ ਵਿੱਚ ਚੋਣ ਦੀ ਅਜ਼ਾਦੀ ਲਈ ਸੰਘਰਸ਼ ਕਰਨਗੀਆਂ ਅਤੇ ਅਜਿਹੀ ਸਥਿਤੀ ਵਿੱਚ ਲਾਜ਼ਮੀ ਤੌਰ 'ਤੇ ਅੰਤਰਜਾਤੀ, ਅੰਤਰਧਾਰਮਿਕ ਵਿਆਹਾਂ ਦਾ ਚਲਣ ਵਧੇਗਾ। ਇਸ ਰੁਝਾਨ ਦੇ ਸੰਕੇਤ ਪਹਿਲਾਂ ਵੀ ਮਹਾਂਨਗਰੀ ਜੀਵਨ ਵਿੱਚ ਦੇਖਣ ਨੂੰ ਮਿਲਦੇ ਸਨ, ਜੋ ਹੁਣ ਪੂੰਜੀਵਾਦੀ ਵਿਕਾਸ ਦੇ ਨਾਲ਼ ਹੀ ਆਮ ਪ੍ਰਵਿਰਤੀ ਬਣਦੀ ਜਾ ਰਹੀ ਹੈ। ਜਾਤੀ ਭੇਦ ਦੀਆਂ ਦੀਵਾਰਾਂ ਨੂੰ ਢਾਹੁਣ ਲਈ ਵਿਦਿਆਰਥੀ-ਨੌਜਵਾਨ ਲਹਿਰ ਨੂੰ ਇੱਕ ਸਮਾਜਿਕ ਲਹਿਰ ਦੇ ਰੂਪ ਵਿੱਚ ਇਸ ਪ੍ਰਵਿਰਤੀ ਨੂੰ ਵਧਾਉਣਾ ਚਾਹੀਦਾ ਹੈ।

'ਸਭ ਲਈ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਅਤੇ ਸਭ ਲਈ ਰੁਜ਼ਗਾਰ ਦੇ ਇੱਕੋ ਜਿਹੇ ਮੌਕੇ' ਦਾ ਨਾਹਰਾ ਜਾਤੀ–ਵੰਡ ਨੂੰ ਖਤਮ ਕਰਕੇ ਆਮ ਲੋਕਾਂ ਦੇ ਸਾਰੇ ਧੀਆਂ ਪੁੱਤਾਂ ਨੂੰ ਜੁਝਾਰੂ ਸੰਘਰਸ਼ ਦੇ ਝੰਡੇ ਹੇਠ ਇੱਕਜੁਟ ਕਰ ਦੇਵੇਗਾ ਅਤੇ ਨਾਲ਼ ਹੀ, ਇਹ ਵਿਦਿਆਰਥੀ ਨੌਜਵਾਨਾਂ ਦੀ ਲਹਿਰ ਨੂੰ ਵਿਆਪਕ ਕਿਰਤੀ ਲੋਕਾਂ ਦੇ ਸਾਮਰਾਜਵਾਦ–ਪੂੰਜੀਵਾਦ ਵਿਰੋਧੀ ਘੋਲ਼ ਦੀ ਧਾਰਾ ਦੇ ਨਾਲ਼ ਵੀ ਜੋੜ ਦੇਵੇਗਾ। ਇਸ ਇੱਕਜੁਟਤਾ ਤੋਂ ਬਾਅਦ ਹੀ ਇਸ ਢਾਂਚੇ ਦਾ ਨਾਸ਼ ਕਰਨ ਅਤੇ ਅਜਿਹੇ ਨਵੇਂ ਢਾਂਚੇ ਦਾ ਨਿਰਮਾਣ ਕਰਨ ਦੀ ਦਿਸ਼ਾ ਵਿੱਚ ਵੀ ਅੱਗੇ ਵਧਿਆ ਜਾ ਸਕਦਾ ਹੈ ਜਿਸ ਵਿੱਚ ਪੈਦਾਵਾਰ, ਰਾਜਕਾਜ ਅਤੇ ਸਮਾਜ ਦੇ ਢਾਂਚੇ 'ਤੇ ਪੈਦਾਵਾਰ ਕਰਨ ਵਾਲ਼ੀਆਂ ਜਮਾਤਾਂ ਕਾਬਜ ਹੋ ਸਕਣਗੀਆਂ ਅਤੇ ਫੈਸਲੇ ਦੀ ਤਾਕਤ ਅਸਲ ਵਿੱਚ ਉਨਾਂ ਦੇ ਹੱਥਾਂ ਵਿੱਚ ਆ ਸਕੇਗੀ।

ਜਾਤੀ ਭੇਦ ਅਤੇ ਦਾਬੇ ਦਾ ਮੂਲ ਅਧਾਰ ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਹੈ, ਜਿਸ ਵਿੱਚ ਪੁਰਾਣੇ ਜਮਾਨੇ ਦੇ ਦਾਸਾਂ–ਭੂਦਾਸਾਂ–ਅਰਧਦਾਸਾਂ ਦੇ ਵੰਸ਼ੀ ਅੱਜ ਦੇ ਨਵੇਂ ਗੁਲਾਮਾਂ ਦੇ ਰੂਪ ਵਿੱਚ — ਉਜ਼ਰਤੀ ਮਜ਼ਦੂਰਾਂ ਦੇ ਰੂਪ ਵਿੱਚ ਪਿਸ ਰਹੇ ਹਨ। ਇਨਾਂ ਵਿੱਚੋਂ ਇੱਕ ਬੇਹੱਦ ਛੋਟੀ ਅਬਾਦੀ ਜੇ ਸਫੇਦਪੋਸ਼ ਹੋਕੇ ਉੱਪਰ ਦੇ ਅਹੁਦਿਆਂ 'ਤੇ ਚਲੀ ਗਈ ਹੈ ਤਾਂ ਪੁਰਾਣੇ ਸਫੇਦਪੋਸ਼ਾਂ ਦੀ ਇੱਕ ਵੱਡੀ ਅਬਾਦੀ ਕੰਗਾਲ਼ ਹੋ ਕੇ ਉਜ਼ਰਤੀ ਗੁਲਾਮਾਂ ਦੀ ਵੱਡੀ ਅਬਾਦੀ ਵਿੱਚ ਸ਼ਾਮਿਲ ਹੋ ਗਈ ਹੈ। ਇਸ ਉਜ਼ਰਤੀ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਦੇ ਹੋਏ ਸਾਨੂੰ ਜਾਤੀਗਤ ਅਧਾਰ 'ਤੇ ਕਾਇਮ ਦਾਬੇ ਵਿਰੁੱਧ ਵੀ ਲੜਨਾ ਹੋਵੇਗਾ ਅਤੇ ਇਨਾਂ ਬੇੜੀਆਂ ਨੂੰ ਤੋੜਨ ਤੋਂ ਬਾਅਦ ਹੀ ਜਾਤੀ ਭੇਦ ਦੇ ਸਵਾਲ ਨੂੰ ਨਿਰਣਾਇਕ ਅਤੇ ਅੰਤਿਮ ਰੂਪ ਨਾਲ ਹੱਲ ਕੀਤਾ ਜਾ ਸਕਦਾ

ਹੈ।

ਰਿਆਇਤ ਖ਼ੋਰੀ ਅਤੇ ਟਾਕੀਬਾਜ਼ੀ ਦੀ ਮਾਨਸਿਕਤਾ ਤੋਂ ਮੁਕਤ ਹੋ ਕੇ ਦਲਿਤ ਮੁਕਤੀ ਦੇ ਸਵਾਲ ਅਤੇ ਸਮੁੱਚੀ ਜਾਤੀ ਸਮੱਸਿਆ 'ਤੇ ਇਸ ਪੂੰਜੀਵਾਦੀ ਢਾਂਚੇ ਦੀਆਂ ਸੀਮਾਵਾਂ ਦਾ ਉਲੰਘ ਕੇ ਸੋਚਣ 'ਤੇ ਹੀ ਇਹਨਾਂ ਦੇ ਨਿਰਣਾਇਕ ਅਤੇ ਅੰਤਿਮ ਹੱਲ ਦੀ ਦਿਸ਼ਾ ਵਿੱਚ ਅੱਗੇ ਵਧਿਆ ਜਾ ਸਕਦਾ ਹੈ। ਦਲਿਤਾਂ ਲਈ ਰਾਹਤ ਦੇ ਕੁੱਝ ਟੁਕੜੇ ਜੁਟਾਉਣ ਦੀ ਬਜਾਇ, ਉਹਨਾਂ ਵਿੱਚੋਂ ਕੁੱਝ ਨੂੰ ਸਫੈਦਪੋਸ਼ ਬਣਾਕੇ ਬਾਕੀ ਨੂੰ ਝੂਠੀ ਉਮੀਦ ਦੇ ਸਹਾਰੇ ਲਟਕਾਏ ਰਹਿਣ ਦੀ ਬਜਾਇ, ਲੋੜ ਇਸ ਗੱਲ ਦੀ ਹੈ ਕਿ ਦਲਿਤ ਮੁਕਤੀ ਦੀ ਰੈਡੀਕਲ ਪ੍ਰੋਜੈਕਟ ਦਾ ਖਾਕਾ ਪੇਸ਼ ਕੀਤਾ ਜਾਵੇ। ਇਹ ਰੈਡੀਕਲ ਪ੍ਰੋਜੈਕਟ ਲੋਕ ਮੁਕਤੀ ਦੇ ਕਿਸੇ ਵਿਆਪਕ ਇਨਕਲਾਬੀ ਪ੍ਰੋਜੈਕਟ ਦੇ ਇੱਕ ਅੰਗ ਦੇ ਰੂਪ ਵਿੱਚ ਹੀ ਸੰਭਵ ਹੋ ਸਕਦਾ ਹੈ।

ਸਦੀਆਂ ਤੋਂ ਸਭ ਤੋਂ ਵੱਧ ਵਿਵਸਥਿਤ ਅਤੇ ਸਭ ਤੋਂ ਵੱਧ ਬਰਬਰ ਲੁੱਟ ਜ਼ਬਰ ਦੇ ਸ਼ਿਕਾਰ ਦਲਿਤ ਦੇਸ਼ ਦੀ ਕੁੱਲ ਅਬਾਦੀ ਦੇ ਕਰੀਬ 30 ਫੀਸਦੀ ਹਨ ਅਤੇ ਇਸ ਵਿੱਚੋਂ 90 ਫੀਸਦੀ ਪੇਂਡੂ ਅਤੇ ਸ਼ਹਿਰੀ ਪ੍ਰੋਲੇਤਾਰੀ-ਅਰਧਪ੍ਰੋਲੇਤਾਰੀ ਦੀਆਂ ਕਤਾਰਾਂ ਵਿੱਚ ਸ਼ਾਮਿਲ ਹਨ। ਇਹਨਾਂ ਵਿੱਚ ਜੇ ਪੱਛੜੀਆਂ ਜਾਤਾਂ ਦੇ ਗਰੀਬਾਂ ਅਤੇ ਜਨਜਾਤੀਆਂ ਨੂੰ ਵੀ ਜੋੜ ਦੇਈਏ ਤਾਂ ਇਹ ਕੁੱਲ ਅਬਾਦੀ ਦੀ ਅੱਧੀ ਤੋਂ ਵੀ ਵੱਧ ਹੋ ਜਾਵੇਗੀ। ਭਾਰਤ ਵਿੱਚ ਸਮਾਜਵਾਦ ਲਈ ਸੰਘਰਸ਼ ਉਦੋਂ ਹੀ ਅੱਗੇ ਵਧ ਸਕਦਾ ਹੈ, ਜਦੋਂ ਅਬਾਦੀ ਦਾ ਇਹ ਹਿੱਸਾ ਸੰਪੂਰਨ ਜਨਤਾ ਦੀ ਮੁਕਤੀ ਅਤੇ ਅਜ਼ਾਦੀ – ਬਰਾਬਰੀ ਦੀ ਅਸਲੀ ਸਥਾਪਨਾ ਦੀ ਪ੍ਰੋਜੈਕਟ ਦੇ ਰੂਪ ਵਿੱਚ ਉਸਨੂੰ ਅਪਣਾਵੇ। ਦੂਜੇ ਪਾਸੇ, ਸਮਾਜਵਾਦੀ ਇਨਕਲਾਬ ਦੇ ਪ੍ਰੋਜੇਕਟ ਨਾਲ਼ ਜੁੜੇ ਬਿਨਾਂ ਦਲਿਤ ਮੁਕਤੀ ਦਾ ਸਵਾਲ ਅਤੇ ਜਾਤੀ ਭੇਦ ਦਾ ਸੰਪੂਰਨ ਸਵਾਲ ਵੀ ਹੱਲ ਨਹੀਂ ਹੋ ਸਕੇਗਾ ਅਤੇ ਸਮਾਜਵਾਦੀ ਇਨਕਲਾਬ ਨੂੰ ਜੀਵਨ ਦੇ ਹਰ ਖੇਤਰ ਵਿੱਚ ਲੰਬੇ ਸਮੇਂ ਤੱਕ ਲਗਾਤਾਰ ਚਲਾਏ ਬਿਨਾਂ ਸਮਾਜ ਨੂੰ ਉਸ ਮੁਕਾਮ ਤੱਕ ਪੰਹੁਚਾਇਆ ਹੀ ਨਹੀਂ ਜਾ ਸਕਦਾ ਜਦੋਂ ਜਾਤੀ , ਧਰਮ ਜਾਂ ਲਿੰਗ ਦੇ ਅਧਾਰ 'ਤੇ ਕਿਸੇ ਵੀ ਤਰਾਂ ਦੀ ਅਸਮਾਨਤਾ ਜਾਂ ਦਾਬਾ ਬਚਿਆ ਹੀ ਨਹੀਂ ਰਹਿ ਜਾਵੇਗਾ।

ਜਾਤੀ ਦੀ ਸਮੱਸਿਆ ਅਤੇ ਦਲਿਤ ਸਵਾਲ 'ਤੇ ਵਿਚਾਰ ਦੇ ਇਸ ਵਿਆਪਕ ਇਨਕਲਾਬੀ ਪਰਿਪੇਖ ਵਿੱਚ ਅਸੀਂ ਰਿਜ਼ਰਵੇਸ਼ਨ ਦੇ ਸਵਾਲ ਨੂੰ ਵੀ ਦੇਖਦੇ ਹਾਂ ਅਤੇ ਸਾਡੇ ਵਿਚਾਰ ਨਾਲ਼ ਭਾਰਤ ਦੇ ਹਰ ਤਬਦੀਲੀਪਸੰਦ ਵਿਦਿਆਰਥੀ ਅਤੇ ਨੌਜਵਾਨ ਨੂੰ ਇਸ ਸਵਾਲ 'ਤੇ ਇਸੇ ਤਰਾਂ ਸੋਚਣਾ ਚਾਹੀਦਾ ਹੈ।

(ਜੂਨ, 2006)

ਸਾਡਾ ਪੱਖ ਇਹ ਹੈ ਕਿ ਅਸੀਂ ਰਿਜ਼ਰਵੇਸ਼ਨ ਦਾ ਨਾ ਤਾਂ ਸਮਰਥਨ ਕਰਦੇ ਹਾਂ ਨਾ ਹੀ ਵਿਰੋਧ। ਅਸੀਂ ਇਸ ਮੁੱਦੇ ’ਤੇ ਲੋਕਾਂ ਦੇ ਵੰਡ ਜਾਣ ਦੀ ਸਥਿਤੀ ਨੂੰ ਹੀ ਇੱਕ ਕੁਚੱਕਰ ਮੰਨਦੇ ਹਾਂ ਅਤੇ ਇਸ ਦਾ ਵਿਰੋਧ ਕਰਦੇ ਹਾਂ। ਸਿੱਖਿਆ ਅਤੇ ਨੌਕਰੀ ਵਿੱਚ ਕਿਸੇ ਤਰਾਂ ਦੀ ਰਿਜ਼ਰਵੇਸ਼ਨ ਨਹੀਂ ਸਗੋਂ ਵਿਦਿਆਰਥੀ-ਨੌਜਵਾਨ ਲਹਿਰ ਦੀ ਅੱਜ ਇੱਕ ਹੀ ਕੇਂਦਰੀ ਮੰਗ ਹੋ ਸਕਦੀ ਹੈ — ‘ਸਾਰਿਆਂ ਲਈ ਇੱਕੋ ਜਿਹੀ ਅਤੇ ਮੁਫ਼ਤ ਸਿੱਖਿਆ ਅਤੇ ਕੰਮ ਕਰਨ ਯੋਗ ਹਰ ਵਿਅਕਤੀ ਲਈ ਰੁਜ਼ਗਾਰ।’

— ਨੌਜਵਾਨ ਭਾਰਤ ਸਭਾ



₹ 5.00